ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥

# ਖ਼ਾਲਸਾ ਸਮਾਚਾਰ

Khalsa Samachar

ਸੰਸਥਾਪਕ
ਭਾਈ ਸਾਹਿਬ ਭਾਈ ਵੀਰ ਸਿੰਘ
Founded by
BHAI VIR SINGH IN 1899 A.D.

ਸਪਤਾਹਿਕ/ਨਵੀਂ ਦਿੱਲੀ
ਸਥਾਪਤ 1899 ਈ.
www.bvsss.org
ਫ਼ੀ ਪਰਚਾ 5/-

ਅੰਕ ੨੯ ਜਿਲਦ ੩੦ ੩੦ ਜੁਲਾਈ - ੫ ਅਗਸਤ ੨੦੨੦, ੧੫-੨੧ ਸਾਵਣ ੨੦੭੭ ਨਾਨਕਸ਼ਾਹੀ ਸੰਮਤ ੫੫੨
ਸਾਲਾਨਾ ਚੰਦਾ ਦੇਸ਼ ੨੫੦/-, ਵਿਦੇਸ਼ ੨੫੦੦/- ਅਤੇ ਲਾਈਫ਼ ਮੈਂਬਰਸ਼ਿਪ ਦੇਸ਼ ੨੫੦੦/-, ਵਿਦੇਸ਼ ੨੫੦੦੦/-

Issue 29 Volume 30, 30 July - 5 August 2020
Yearly Subscription India 250/-, Abroad 2500/- and Life Membership India 2500/-, Abroad 25000/-


## ਬੀਮਾਰ ਤੇ ਸੁਸਥ ਜਿੰਦੜੀ

❖ ਭਾਈ ਸਾਹਿਬ ਭਾਈ ਵੀਰ ਸਿੰਘ

ਪਠਾਣੀ ਤਲਵਾਰ ਮਹਮੂਦ ਗ਼ਜ਼ਨਵੀ ਤੋਂ ਸੂਤੀ ਗਈ ਅਜੇ ਮਿਆਨ ਨਹੀਂ ਹੋਈ, ਚਾਹੇ ਚਾਰ ਸਦੀਆਂ ਹਿੰਦੀਆਂ ਨੂੰ ਪਰਜਾ ਤੇ ਪਠਾਣਾਂ ਨੂੰ ਰਾਜਾ ਹੋ ਗਿਆਂ ਬੀ ਬੀਤ ਚੁੱਕੀਆਂ ਹਨ। ਹਾਂ, ਉਹ ਤਲਵਾਰ ਜੋ ਦੀਨ ਦੇ ਨਾਮ ਤੇ ਸੂਤੀ ਗਈ ਸੀ ਅਜੇ ਬੀ ਉਸੇ 'ਤਲਵਾਰ ਤੋੜ' ਨਾਮ ਤੇ ਸੂਤੀ ਖੜੀ ਹੈ। ਇਕ ਪਾਸੇ ਤਾਂ ਇਹ ਹਿੰਦ ਨੂੰ ਇਸਲਾਮ ਵਿਚ ਧੱਕ ਰਹੀ ਹੈ, ਦੂਜੇ ਪਾਸੇ ਫ਼ਕੀਰੀ ਜ਼ੁਬਾਨ-ਅਰਥਾਤ ਉਪਦੇਸ਼ ਦੀ ਤਲਵਾਰ, ਮਿਆਨ ਵਿਚ ਹੀ ਵੱਸਦੀ ਤੇ ਓਥੋਂ ਹੀ ਵਾਰ ਕਰਦੀ-ਹਿੰਦ ਨੂੰ ਇਸਲਾਮ ਵਿਚ ਦਾਖ਼ਲ ਕਰ ਰਹੀ ਹੈ। ਸ਼ਰਈ ਇਸਲਾਮ ਨੇ ਵੇਦਾਂਤ ਦੇ ਜੋਗ ਦੀ ਚੱਸ ਆਪਣੇ ਵਿਚ ਲੈਕੇ 'ਸੂਫੀ' ਅਖਰਾਂ ਦਾ ਸਿਰਨਾਵਾਂ ਉੱਤੇ ਲਾਕੇ ਤੇ ਇਨਸਾਨੀ ਲੋੜਾਂ ਦੀਆਂ ਤ੍ਰੇੜਾਂ ਤੱਕ ਤੱਕ ਕੇ ਆਪਣੇ ਦੀਨੀ ਆਸ਼ਿਆਂ ਨੂੰ, ਇਨ੍ਹਾਂ ਤ੍ਰੇੜਾਂ ਵਿਚ ਵਾੜ ਵਾੜ ਕੇ ਹਿੰਦੂ ਚਿਟਾਨ ਦੇ ਟੁਕੜੇ ਕਰ ਕਰ ਤੋੜਨੇ ਤੇ ਆਪਣੇ ਵਿਚ ਜਜ਼ਬ ਕਰਨੇ ਦਾ ਨਵਾਂ ਤਰੀਕਾ ਬੀ ਸਦੀਆਂ ਤੋਂ ਜਾਰੀ ਕਰ ਰੱਖਿਆ ਹੈ। ਧਾਗੇ, ਤਵੀਤ, ਮੰਤਰ, ਜੰਤਰ, ਰੱਖਾਂ, ਫੂਕਾਂ, ਝਾੜੇ, ਭੂਤਾਂ ਨੂੰ ਕੀਲਣਾਂ, ਦੰਦ ਪੀੜਾਂ ਨੂੰ ਕੋਕੇ ਜੜਨੇ, ਸੀਤਲਾ ਨੂੰ ਸੁਆਹ ਦੇਣੀ ਆਦਿਕ ਗੱਲਾਂ ਬੀ ਮੁਸਲਮਾਨ ਮੁਲਾਣੇ ਤੇ ਫ਼ਕੀਰ ਹੁਣ ਕਰ ਰਹੇ ਹਨ। ਮਾਵਾਂ ਦੇ 'ਪੁੱਤ੍ਰ-ਪ੍ਰੇਮ' ਦੇ ਵਲਵਲਿਆਂ ਨੂੰ ਠੰਢ ਪਾਉਣ ਦੇ ਪੱਜ ਟਬਰ ਕਬੀਲਿਆਂ ਵਿਚ ਧਸ ਜਾਣਾ ਇਕ ਵਸੀਲਾ ਬਣ ਰਹੇ ਹਨ। ਏਹ ਲੋਕ ਅਗੇਜ ਪੈਣ ਦਾ ਤੇ ਜਦੋਂ ਦਾਉ ਫਬ ਗਿਆ ਮੁੰਡਾ ਕਿ ਕੁੜੀ, ਤ੍ਰੀਮਤ ਕਿ ਨੱਢਾ, ਜੋ ਅਸਰ ਹੇਠ ਆਇਆ, ਦਾਖ਼ਲ ਇਸਲਾਮ। ਜੇ ਅਗੋਂ ਰੌਲਾ ਰੱਪਾ, ਜ਼ੋਰ ਧੱਕਾ ਕੁਛ ਹੋਇਆ ਤਾਂ ਸਦਾ ਸੂਤੀ ਇਸਲਾਮੀ ਤਲਵਾਰ-ਸ਼ਰ੍ਹਾ ਦੇ ਮਸਲੇ ਤੇ ਕਾਜ਼ੀ ਦੇ ਦਿਤੇ ਫ਼ਤਵਿਆਂ ਦੀ ਸੂਰਤ ਵਿਚ-ਝੱਟ ਬਿਜਲੀ ਦੀ ਤੇਜ਼ੀ ਨਾਲ ਪੈਣ ਨੂੰ ਤਿਆਰ।

ਭਾਵੇਂ ਪਠਾਣਾਂ ਦੀਆਂ ਕਈ ਖਾਨਾਂ ਜੰਗੀਆਂ ਹੋ ਚੁਕੀਆਂ, ਗ਼ੁਲਾਮ, ਖ਼ਿਲਜੀ, ਤੁਗ਼ਲਕ ਤੇ ਲੋਧੀ ਕਈ ਘਰਾਣੇ ਰਾਜ-ਸਿੰਘਾਸਨ ਪਰ ਵਾਰੋਵਾਰੀ ਇਕ ਦੂਜੇ ਨੂੰ ਮਾਰਦੇ ਕੁੱਟਦੇ ਆਪੋ ਵਿਚ ਲੜਦੇ ਭਿੜਦੇ ਰਹੇ ਪਰ ਹਿੰਦੀਆਂ ਨੇ ਇਨ੍ਹਾਂ ਦੀਆਂ ਖਾਨਾਂ ਜੰਗੀਆਂ ਤੋਂ ਕੋਈ ਲਾਭ ਉਠਾਕੇ ਆਪਾ ਨਾ ਸੰਭਾਲਿਆ। ਇਕ ਵੇਰੀ ਜੁ ਢੱਠੇ ਸੋ ਢੱਠੇ, ਮੁੜ ਨਾ ਸੁਰਤ ਸੰਭਾਲੀ, ਨਾ ਪਾਸਾ ਪਰਤਿਆ। ਪੈਂਦੀਆਂ ਗਈਆਂ ਤੇ ਖਾਂਦੇ ਗਏ ਤੇ ਪੀੜ ਨੂੰ ਹਾਇ ਹਾਇ ਤੇ ਰੋਣ ਦੀ ਝੀਣੀ ਬਾਣ ਵਿਚ ਝੱਲੀ ਗਏ, ਨਾ ਜਥੇਬੰਦੀ ਆਈ, ਨਾ ਸਾਂਝੇ ਕੰਮ ਲਈ ਕੁਰਬਾਨੀ ਦਾ ਅੰਗੂਰ ਫੁੱਟਿਆ।

ਹਿੰਦੀ ਪਰਜਾ ਦਾ ਕੀ ਹਾਲ ਹੈ ? ਇਨ੍ਹਾਂ ਵਿਚ ਕੋਈ ਜਥੇਬੰਦੀ ਨਹੀਂ; 'ਅਸੀਂ ਹਿੰਦੀ ਹਾਂ' ਦਾ ਕੋਈ ਭਾਵ ਨਹੀਂ। ਮਜੂਰੀ, ਵਿਹਾਰ ਕਾਰ ਨਾਲ ਆਪੇ ਦੇ ਦਿਨ ਕਿਵੇਂ ਚੰਗੇਰੇ ਲੰਘ ਜਾਣ, ਇਸ ਰੁਝੇ (ਮਸਰੂਫੀਅਤ) ਵਿਚ ਸਭ ਕੋਈ ਹੈ ਤੇ ਇਹ ਰੁਝੇ ਖੁਦੀ ਦੀ ਸ਼ਕਲ ਲੈਕੇ ਆਪੋ ਵਿਚ ਤ੍ਰੇੜ ਤੋਂ ਤ੍ਰੇੜ ਦੇ ਰਹੇ ਹੈਨ। ਵਿੱਦਜਾ-ਸਰਬ ਸਾਧਾਰਣ ਦੀ ਵਿੱਦਜਾ-ਹੈ ਨਹੀਂ। ਕੋਈ ਚੋਟੀ ਦਾ ਵਿਦਵਾਨ ਹੈ ਤਾਂ ਉਹ ਖ਼ੁਸ਼ਕ ਵੇਦਾਂਤ ਦੇ-ਦਿਲ ਤੇ ਪੱਠਿਆਂ ਨੂੰ ਸੁਸਤ ਤੇ ਉਮਾਹ ਰਹਿਤ ਕਰ ਦੇਣ ਵਾਲੇ-ਅਸਰ ਹੇਠ ਇਕ ਹੋਰ ਤਰ੍ਹਾਂ ਦੀ ਖ਼ੁਦਗ਼ਰਜ਼ੀ ਦੇ ਜੀਵਨ ਵਿਚ ਜੀਉ ਰਿਹਾ ਹੈ। ਜਾਨਦਾਰ ਵਾਂਗੂ ਨਹੀਂ ਪਰ ਬਨਸਪਤੀ ਵਾਂਗੂ ਖਾ, ਪੀ, ਮੌਲ ਰਿਹਾ ਹੈ; ਪਰ ਬਿਨ ਸਾਹਸ ਤੇ ਬਿਨ ਜੀਵਨ ਰੌ ਦੇ ਮਰ ਰਿਹਾ ਹੈ। ਹਾਂ, ਫੋਕਾ ਨਿਰਾ ਖਿਆਲੀ ਵੇਦਾਂਤ ਵਿਦ੍ਵਾਨਾਂ ਨੂੰ ਕਮਜ਼ੋਰ ਤੇ ਹਮਦਰਦੀ ਤੋਂ ਸੱਖਣਾ ਇਕ 'ਬ੍ਰਿਛ ਬੂਟੇ ਵਰਗਾ' ਭਾਵ-ਰਹਿਤ ਜੀਵਨ ਦੇ ਰਿਹਾ ਹੈ। ਫ਼ਕੀਰ, ਗੁਸਾਈਂ, ਸਾਧੂ, ਭਿੱਖੂ ਤੇ ਰਮਤੇ ਉਪਦੇਸ਼ਕ ਜਾਨਾਂ ਪਾਵਣ, ਆਚਰਨ ਉੱਚੇ ਕਰਨ, ਉੱਚੇ ਜੀਵਨ ਦੀ ਰੌ ਵਿਛਾ ਦੇਣ ਦੀ ਥਾਂ ਕੇਵਲ ਮੰਗਤੇ ਹੋ ਰਹੇ ਹਨ। ਭੇਖ ਮਾਤ੍ਰ ਨਾਲ ਕਿ ਸ੍ਰਾਪ ਦੇ ਡਰਾਵੇ ਨਾਲ, ਅਸੀਸ ਤੇ ਵਰ ਦੇ ਲੋਭ ਨਾਲ ਕਿ ਧਾਗੇ, ਜੰਤ੍ਰਾਂ, ਬੀਰਾਰਾਧਨ ਦੇ ਤ੍ਰੀਕਿਆਂ ਨਾਲ ਲੋਕਾਂ ਦੀਆਂ ਪੀੜਾਂ ਹਰਨ ਦੇ ਭੁਲੇਵੇ ਦੇਂਦੇ ਕੇਵਲ ਪੇਟ ਪੂਜਾ ਦਾ ਕਾਰਜ

ਅੰਦਰ


- ਅਦਭੁੱਤ ਪਿਆਰ ਦਾ ਮਸੀਹਾ 3
- ਸੰਤ ਬਿਮਲਾ ਸਿੰਘ : ਪਿਆਰਾਂ ਦਾ ਸਾਈਂ 5
- Guidelines from Sri Guru Tegh Bahadur Ji 7
- ਖ਼ਬਰ-ਸਾਰ 9
- ਸੌ ਸਾਲ ਪਹਿਲਾਂ : ਅੰਮ੍ਰਿਤ ਪ੍ਰਚਾਰ... 10
- ਸ਼ਬਦ ਵਿਆਖਿਆ 11
- ਸ੍ਰੀ ਦੇਸ ਰਾਜ ਕਾਲੀ ਵੱਲੋਂ ਸੰਤ ਨਾਮਦੇਵ ਤੇ ਲੈਕਚਰ 12

ਸਾਧ ਰਹੇ ਹਨ। ਕਿਸੇ ਸਾਧੂ ਨੇ ਅੰਬਾਂ ਦੇ ਦੇਸ਼ ਸੁਹਣੇ ਸੁਹਾਵੇ ਟਿਕਾਣੇ ਚਮਾਸਾ ਗੁਜ਼ਾਰ ਲਿਆ, ਕਿਸੇ ਰਮਣੀਕ ਪਹਾੜੀ ਖੋਹ ਕਿ ਹੋਰ ਕਿਸੇ ਨਿੱਘੇ ਆਸਰੇ ਸਿਆਲ ਬਿਤਾ ਲਿਆ, ਕਿਸੇ ਨੇ ਕਿਸੇ ਸੁਹਾਵੇ ਨਦੀ ਕਿਨਾਰੇ ਯਾ ਪਰਬਤਾਂ ਦੀ ਸ਼ਿਖਰੇ ਉਨ੍ਹਾਲ ਬਿਤਾ ਲਿਆ, ਜਿੱਥੇ ਜਿਵੇਂ ਦਾਉ ਫਬ ਗਿਆ ਕੁਲੀ, ਗੁੱਲੀ, ਜੁੱਲੀ ਪੈਦਾ ਕਰ ਲਈ। ਹਾਂ, ਇਹੋ ਜੇਹੀ ਰੁੱਲੀ, ਡੁੱਲੀ, ਢਿੱਲੀ, ਡਿੱਗੀ, ਨਿਮਾਣੀ, ਨਿਤਾਣੀ ਪਰਜਾ ਪਰ ਪਠਾਣੀ ਤਲਵਾਰ ਹਕੂਮਤ ਕਰ ਰਹੀ ਹੈ। ਕੋਈ ਕੋਈ ਰਾਜ ਸ਼ਰੇਣੀ ਵਿਚ ਬੀ ਚਮਕਦਾ ਹੈ, ਪਰ ਹਾਕਮਾਂ ਦੇ ਤਾਬਿਆ, ਉਹਨਾਂ ਦੇ ਰੁਖ਼ ਰੌ ਦੇ ਅਨੁਸਾਰ ਤੇ ਉਨ੍ਹਾਂ ਦੇ ਵਤੀਰੇ ਦਾ ਸਹਾਈ ਹੋਕੇ। ਉਸ ਦਾ ਹੁਕਮ ਹਾਸਲ ਹਿੰਦੀ ਪਰਜਾ ਨਾਲ ਦਰਦ ਵਾਲਾ ਨਹੀਂ ਬਣਦਾ, ਸਗੋਂ ਜਿਵੇਂ ਗ਼ੁਲਾਮਾਂ ਵਿਚੋਂ ਗ਼ੁਲਾਮਾਂ ਦਾ ਥਾਪਿਆ ਸਰਦਾਰ ਗ਼ੁਲਾਮਾਂ ਦੇ ਮਾਲਕ ਕੋਲੋਂ ਆਪਣਿਆਂ ਤੇ ਵਧੀਕ ਜ਼ੁਲਮ ਕਰਦਾ ਹੈ, ਤਿਵੇਂ ਏਹ ਮਨਸਬਦਾਰ ਆਪਣਿਆਂ ਨੂੰ ਵਧੇਰੇ ਦੁਖਦਾਈ ਹੋ ਰਹੇ ਹਨ। ਅਵਿੱਦਜਾ ਦਾ ਇਕ ਪਾਸੇ ਅੰਧਕਾਰ ਹੈ, ਦੂਜੇ ਪਾਸੇ ਜ਼ੋਰ ਜ਼ੁਲਮ ਦਾ ਗ਼ੁਬਾਰ ਧੂਆਂਧਾਰ ਹੈ। (ਇਹ ਨਕਸ਼ਾ ਸੀ ਬੀਮਾਰ ਜਿੰਦੜੀ ਦਾ-ਸੰਪਾਦਕ)

ਇਸ ਹਾਲਤ ਵਿਚ, ਇਸ ਬੀਮਾਰ ਪ੍ਰਜਾ ਦੇ ਵਿਚਕਾਰ ਇਕ ਜੀਉਂਦੀ ਜਿੰਦ ਕਿਤੋਂ ਆ ਨਿਕਲੀ ਹੈ। ਉਹ ਸੁਹਾਵੀ, ਚਮਕੀਲੀ, ਰੰਗੀਲੀ ਪਿਆਰਾਂ ਵਾਲੀ ਜਿੰਦੜੀ-ਗੁਰ ਨਾਨਕ-ਜਿੰਦੜੀ ਹੈ। ਕੂਲੀ ਕੂਲੀ, ਪਿਆਰੀ ਪਿਆਰੀ, ਸੁਹਣੀ ਸੁਹਣੀ ਪਰ ਨਿੱਗਰ ਨਿੱਗਰ, ਅਹਿੱਲ ਅਹਿੱਲ, ਹੀਰੇ ਨਾਲੋਂ ਕੁਰਾੜੀ ਤੇ ਰੇਸ਼ਮ ਨਾਲੋਂ ਨਰਮ। ਹਾਂ, ਇਹ 'ਮਲੂਕ' ਤੇ 'ਜ਼ੋਰਦਾਰ' ਜਿੰਦੜੀ ਇਸ ਮੋਈ ਪ੍ਰਜਾ ਵਿਚ ਰੱਬੀ ਗਿਆਨ ਤੇ ਵਿਦਜਾ ਦਾ ਦੀਵਾ ਬਾਲ ਬੈਠੀ ਹੈ। ਸਰਬ ਸਾਧਾਰਣ, ਹਾਂ, ਆਮ ਪਰਜਾ ਨੂੰ ਉਹਨਾਂ ਦੀ ਬੋਲੀ ਵਿਚ ਉੱਚੇ ਉੱਚੇ ਖਿਆਲ, ਜਾਨ ਪਾਉਣ ਵਾਲੇ ਭਾਵ ਆਪੇ ਨੂੰ ਸੰਭਾਲਕੇ ਜੀਉ ਪੈਣ ਵਾਲੀ ਅੰਦਰਲੀ ਪ੍ਰਤੀਤੀ ਦੇ ਰਹੀ ਹੈ। ਆਪਣੀ ਬੋਲੀ ਵਿਚ ਵਿਦਜਾਵਾਨ ਹੋ ਜਾਣ ਦੀ ਨੀਂਹ ਧਰੀ ਸੂ। ਆਪਣਾ ਸਾਹਿਤਜ ਬਖਸ਼ ਦਿੱਤਾ ਸੂ, ਨਾਲ ਧਰਮਸਾਲ ਥਾਪੀ ਸੂ, ਜਿਥੇ ਕਿ ਮੁੱਢਲੀ ਵਿਦਜਾ ਮਿਲੇ, ਜਿੱਥੇ ਕਿ ਸੁੱਚਾ ਤੇ ਸੱਚਾ ਧਰਮ-ਇਨਸਾਨੀ ਹਮਦਰਦੀ ਤੇ ਰੱਬੀ ਪਿਆਰ ਵਾਲਾ ਧਰਮ-ਸਿਖਜਾ ਜਾਵੇ, ਸਵੇਰੇ ਸ਼ਾਮ ਨੂੰ ਸਤਿਸੰਗ ਲੱਗੇ, ਕੀਰਤਨ ਹੋਵੇ, ਕੀਰਤਨ ਨਾਲ ਸੁਤੇ ਹੀ ਮਨ ਇਕਾਗ੍ਰ ਹੋਵੇ ਤੇ ਕੀਰਤਨ ਵਿਚ ਆਈ ਬਾਣੀ ਦੇ ਅਰਥ ਸਮਝਕੇ ਆਪਾ ਰੌਸ਼ਨ ਹੋਵੇ। ਸਾਂਈਂ ਵਲ-ਜੋ ਕਿ ਇਨਸਾਨ ਦਾ ਸੋਮਾ, ਚਸ਼ਮਾ ਤੇ ਅਸਲਾ ਹੈ-ਇਸ ਇਨਸਾਨ ਦਾ ਰੁਖ਼ ਹੋਕੇ ਕੋਈ ਲਗਨ ਲੱਗ ਜਾਵੇ। ਉੱਧਰ ਦੋ ਵੇਲੇ ਇਕੱਠੇ ਹੋਣ ਨਾਲ ਪਰਸਪਰ ਪਿਆਰ ਉਪਜੇ, ਭਾਈਪਨੇ, ਭਰਾਪਨੇ ਦੇ ਭਾਵ ਜਾਗ ਪੈਣ, ਹਮਦਰਦੀ ਦੀ ਝਰਨਾਟ ਜੀਉਂਦਾ ਵਲਵਲਾ ਹੋਕੇ ਅੰਦਰ ਹਿਲੋਰੇ ਖਾਣ ਲੱਗ ਜਾਵੇ। ਜਦੋਂ ਇਹ ਭਾਵ ਉਪਜ ਪਵੇ, ਤਾਂ ਬੇਮਲੂਮੀ ਜਥੇਬੰਦੀ ਹੋ ਜਾਵੇ। ਉਹ ਜਥੇਬੰਦੀ, ਜੋ ਇਨਸਾਨਾਂ ਦੇ ਸਮੂਹ ਨੂੰ ਪਿਆਰ ਤੇ ਹਮਦਰਦੀ ਨਾਲ ਜੋੜਦੀ ਹੈ, ਜਿਸਦਾ ਪ੍ਰਯੋਜਨ ਹੈ ਕਿ ਬਹੁਤਿਆਂ ਦੇ ਜੋੜ ਨਾਲ ਇਕ ਇਕ ਨੂੰ ਸੁਖ ਮਿਲੇ। ਜਥੇਬੰਦੀਆਂ ਵਿਚ ਖ਼ੁਦਗਰਜ਼ੀ ਬੀ ਆ ਜਾਂਦੀ ਹੈ। ਜਿਵੇਂ ਫਰਦ ਫਰਦ ਇਕ ਇਕ ਇਨਸਾਨ ਇਕ ਦੂਜੇ ਨੂੰ ਪਸ਼ੂਆਂ ਵਾਂਙੂ ਪੀੜਾ ਦੇਣੋਂ ਨਿਸੰਗ ਤੇ ਬੇਦਰਦ ਹੋ ਜਾਂਦਾ ਹੈ ਤਿਵੇਂ ਕੌਮ ਕੌਮ ਦੀ ਜੱਥੇਬੰਦੀ ਦੂਜੀ ਕੌਮ ਤੇ ਦੂਜੇ ਦੇਸ਼ ਲਈ ਪੀੜ ਦਾਤੀ ਤੇ ਬੇਤਰਸ ਵਜੂਦ ਬਣ ਜਾਂਦੀ ਹੈ। ਇਥੇ ਸੁਹਣਿਆਂ ਦੇ ਸੁਲਤਾਨ ਨੇ ਧਰਮਸਾਲ ਵਿਚ ਜਥੇਬੰਦੀ ਦੀ ਨੀਂਹ ਰੱਖੀ। ਗੁਰਬਾਣੀ ਦਾ ਚਾਨਣਾ ਦੇ ਕੇ ਹਰੀ ਕੀਰਤਨ ਦੇ ਤੀਰਾਂ ਦੀਆਂ ਨੋਕਾਂ ਤੇ ਪਿਆਰ ਦੇ ਵਲਵਲੇ ਚਾੜ੍ਹ ਕੇ ਦਿਲ ਮੰਡਲਾਂ ਵਿਚ ਪੁਚਾ ਦਿੱਤੇ ਕਿ ਸੱਜਣੋਂ! ਵਿਚਾਰ ਕਰਕੇ ਬਾਣੀ ਦੇ ਭਾਵਾਂ ਤੇ ਟੁਰੋ। ਬਾਣੀ ਆਪਾ ਵਾਰਨ ਸਿਖਾਲਦੀ ਹੈ, ਬਾਣੀ ਅਗਲੇ ਦੇਸ਼ਾਂ ਦੇ ਪਤੇ ਦੇ ਕੇ ਇੱਥੇ ਹੀ ਪਿਆਰ ਦੀ ਮਸ਼ਕ ਕਰਨ ਦਾ ਭੇਤ ਦੱਸਦੀ ਹੈ ਤੇ ਉਹ ਪਿਆਰ ਏਥੇ ਬੀ ਸੁਖੀ ਕਰ ਦੇਂਦਾ ਹੈ। ਇਹ ਜਗਤ ਪਾਠਸ਼ਾਲਾ ਹੈ ਜਿਥੇ ਆਪਾ ਵਾਰਨ, ਪਿਆਰ ਕਰਨ ਦੀ ਸੰਥਯਾ ਪੜ੍ਹਨੀ ਹੈ ਤੇ ਲੋਕ ਪ੍ਰਲੋਕ ਸੁਖੀ ਹੋਣਾ ਹੈ। ਐਉਂ ਜੋ ਜਥੇਬੰਦੀ ਦੀ ਨੀਂਹ ਗੁਰੂ ਬਾਬੇ ਨੇ ਧਰੀ ਸੋ ਉਹਨਾਂ ਨੀਹਾਂ ਤੇ ਧਰੀ ਹੈ ਕਿ ਜਿਨ੍ਹਾਂ ਪਰ ਖ਼ੁਦਗ਼ਰਜ਼ੀ ਦੇ ਰਦੇ ਨਾ ਲੱਗਣ ਸਗੋਂ ਆਪਾ ਵਾਰਨ ਦੀਆਂ ਸਿਲਾਂ ਨਾਲ ਇਮਾਰਤ ਉੱਸਰੇ ਤੇ ਧਰਮਸਾਲਾ ਵਿਚੋਂ ਉਪਜੀ ਜਥੇਬੰਦੀ, ਪਿਆਰ, ਉਪਕਾਰ, ਸੇਵਾ ਦੇ ਭਾਵ ਨਾਲ ਜਗਤ ਨੂੰ ਸੁਖਦਾਈ ਹੋਵੇ।


ਪਰ ਇਹ ਕੰਮ ਸੌਖਾ ਨਹੀਂ ਸੀ। ਪਹਿਲਾਂ ਤਾਂ ਗੁਰੂ ਜੀ ਦਾ ਆਪਣਾ ਪਰਵਾਰ, ਆਪਣੇ ਮਾਤਾ ਪਿਤਾ ਖ਼ੇਸ਼ ਕਬੀਲਾ ਸਾਰੇ ਇਸਦੇ ਵਿਰੁੱਧ ਹੋ ਗਏ।ਓਹ ਚਾਹੁੰਦੇ ਸਨ ਕਿ ਜਿਵੇਂ ਅਸੀਂ ਹਾਂ ਵਿਹਾਰ ਕਰਦੇ, ਖੱਟਦੇ ਕਮਾਉਂਦੇ, ਖਾਂਦੇ ਪੀਂਦੇ, ਵਿਆਹ ਸ਼ਾਦੀਆਂ ਕਰਦੇ, ਪੁਤ੍ਰ ਪਰਵਾਰ ਰਚਦੇ, ਦੁਨੀਆਂਦਾਰ ਬਣਦੇ, ਵੱਡੇ ਸਦਾਉਂਦੇ ਤੇ ਅੰਤ ਨੂੰ ਇਹ ਨਾਮਣਾ ਛੋੜਦੇ, ਕਿ ਅਮਕਾ ਦੋ ਲੱਖ ਛੱਡ ਗਿਆ ਹੈ, ਤੁਰ ਜਾਂਦੇ ਹਾਂ; ਤਿਵੇਂ ਹੀ ਇਹ ਹੋਵੇ। ਤੇ ਹਾਂ, ਜਿਵੇਂ ਅਸੀਂ ਮਰਕੇ ਵੇੜ੍ਹਦਾਰ ਬਬਾਣ ਤੇ ਚੜ੍ਹੇ ਪੜਪੋਤ੍ਰੇ ਚੌਰੀ ਕਰਦੇ, ਘੰਟੇ ਖੜਕਦੇ, ਗਰੀ ਛੁਹਾਰੇ ਲਾਚੀਦਾਣੇ ਪੈਸੇ ਉਡਦੇ, ਹਜ਼ਾਰ ਪੰਜ ਸੌ ਮਨੁੱਖ ਤੀਵੀਂ ਦੇ ਨੜੋਏ ਨਾਲ ਨੂੰਹਾਂ, ਪੋਤੇ-ਨੂੰਹਾਂ ਦੇ ਸੰਧੂਰੇ ਸਿਰਾਂ ਤੋਂ ਮੱਥੇ ਟਿਕਵਾਉਂਦੇ, ਸੰਸਾਰ ਯਾਤ੍ਰਾ ਪੂਰੀ ਕਰ ਜਾਂਦੇ ਹਾਂ, ਤਿਵੇਂ ਇਹ ਵੀ ਵਡਾ ਦੁਨੀਦਾਰ ਬਣੇ ਤੇ ਵਧੇ ਫੁਲੇ। ਮਾਨੋ ਮਛੀਆਂ ਤਲਾਉੜੀ ਦੀ ਇਕ ਨੁਕਰ ਦੇ ਗਿਆਨ ਨੂੰ, ਉਸ ਨੁੱਕਰ ਵਿਚ ਉਗੀ ਸਿਵਾਲ ਉਤੋਂ ਡਿਗਦੇ ਕੱਖ ਕਾਣ, ਆਟੇ ਦੀ ਗੋਲੀ, ਪਤਾਸੇ ਦੇ ਖਿਆਲ ਨੂੰ, ਬੱਸ ਸਮਝ ਰਹੀਆਂ ਹਨ ਤੇ ਇਸ ਤੋ ਉਚੇਰਾ ਵੇਖਣ ਵਾਲੇ ਨੂੰ ਸ਼ੁਦਾਈ ਕਹਿ ਰਹੀਆਂ ਹਨ। ਪਰ ਸਮੁੰਦਰਾਂ ਦੇ ਉੱਤੇ ਜਹਾਜ਼ ਤਾਰਨੇ ਦੀ ਸ਼ਕਤੀ ਵਾਲਾ ਸਦਾ ਜੀਵਾ-ਗੁਰੂ ਨਾਨਕ-ਜਗਤ ਨੂੰ ਜਲੰਦਾ ਦੇਖਕੇ ਉਸ ਦੇ ਤਾਰਨ ਤੇ ਉਬਾਰਨ ਦਾ ਫ਼ਿਕਰ ਕਰ ਰਿਹਾ ਹੈ।

ਇਸ ਅਪਣਿਆਂ ਦੀ ਰੋਕ ਰੁਕਾਵਟ ਨੂੰ ਉਨ੍ਹਾਂ ਦੇ ਮੋਹ ਨੂੰ, ਪਰੰਪਰਾ ਤੋਂ ਰਸਮੀਂ ਪੁਸਤਕਾਂ ਤੇ ਉਨ੍ਹਾਂ ਵੱਲ ਬਣੇ ਫ਼ਰਜ਼ਾਂ ਦੀ ਨੈਂ ਨੂੰ ਤਰਕੇ ਗੁਰੂ ਬਾਬੇ ਨੇ ਦੂਜੀ ਰੋਕ ਸਮੇਂ ਦੇ ਹਾਕਮਾਂ ਤੋਂ ਤੇ ਤੀਜੀ ਰੋਕ ਸਮੇਂ ਦੇ ਧਰਮ ਆਗੂਆਂ ਵਲੋਂ ਦੇਖੀ। ਇਨ੍ਹਾਂ ਦੋਹਾਂ ਨੂੰ ਜਿੱਤਣਾ ਇਹ ਗੁਰੂ ਨਾਨਕ ਜੀਵਨ ਅਗੇ ਦੂਸਰਾ ਕੰਮ ਸੀ। ਉਹ ਜੋ ਸੱਚੀ ਧਰਮਸਾਲ ਦੀ ਦਿਲਾਂ ਉਤੇ ਉਸਾਰੀ ਕੀਤੀ ਸੀ ਉਸ ਨੇ ਸਭ ਮੁਖ਼ਾਲਫ਼ਤਾਂ ਤੋਂ ਬਚਾਕੇ, ਸਭ ਰੋਕਾਂ ਨੂੰ ਜਿੱਤ ਕੇ ਇਕ ਵੇਰੀ ਮੂਰਤੀਮਾਨ ਕਰਕੇ ਖੜਾ ਕਰ ਦੇਣਾ, ਇਹ ਗੁਰ ਨਾਨਕ ਕਮਾਲ ਸੀ। ਜੋ ਜੀਵਨ ਰੌ ਦੇਣੀ ਸੀ ਉਸ ਰੁਮਕਾ ਫੇਰ ਦੇਣਾ, ਜੋ ਸੰਦੇਸ਼ਾ ਜਗਤ ਨੂੰ ਦੇਣਾ ਸੀ ਉਹ ਦੇ ਦੇਣਾ, ਜੋ ਮੁਰਦੇ ਪਏ ਡਿੱਠੇ ਸਨ ਉਨ੍ਹਾਂ ਨੂੰ ਜੀਵਾ ਕਰ ਦੇਣਾ, ਜੋ ਅਗਨਿ ਜਗਤ ਨੂੰ ਲਗ ਰਹੀ ਸੀ ਉਸ ਦੀ ਥਾਵੇਂ ਠੰਢ ਵਰਤਾਕੇ ਦਿਖਾ ਦੇਣੀ, ਇਕ ਅਰਸ਼ੀ ਉਨਰ ਸੀ ਜੋ ਉਨ੍ਹਾਂ ਨੇ ਮੂਰਤੀਮਾਨ ਕਰਕੇ ਦਿਖਾਉਣਾ ਸੀ। (ਇਹ ਤਸਵੀਰ ਸੀ ਸ੍ਵਸਥ ਜਿੰਦੜੀ ਦੀ -ਸੰਪਾਦਕ) (ਗੁ:ਨਾ:ਚ: ਭਾਗ 1, ਅਧਿ-48)

**-ਅਮਰ ਲੇਖ, ਭਾਗ 3**

✧ ✧ ✧ ✧ ✧

# ਅਦਭੁੱਤ ਪਿਆਰ ਦਾ ਮਸੀਹਾ



❖ ਡਾ. ਇੰਦਰਜੀਤ ਕੌਰ*

ਅਦਭੁੱਤ ਪਿਆਰ ਦੇ ਮਸੀਹੇ ਨੂੰ ਲੱਖ ਲੱਖ ਵਾਰ ਨਮਸਕਾਰ।

ਅੱਜ ਇੱਕ ਅਰਸਾ ਹੋ ਗਿਆ, ਦੈਵੀ ਗੁਣਾਂ ਦੇ ਮਾਲਕ, ਪਿਆਰ ਨਾਲ ਠਾਠਾਂ ਮਾਰਦਾ ਹਿਰਦਾ ਰੱਖਣ ਵਾਲੇ, ਦੂਜਿਆਂ ਦੇ ਰੋਣਿਆਂ ਨੂੰ ਹਾਸਿਆਂ ਵਿੱਚ ਬਦਲਣ ਵਾਲੇ ਇੱਕ ਫ਼ਕੀਰ, ਇੱਕ ਭਗਤ ਨੂੰ ਅਕਾਲ ਪੁਰਖ ਦੇ ਵਿੱਚ ਅਭੇਦ ਹੋਇਆਂ। ਜ਼ਿੰਦਗੀ ਦੇ ਅਠਾਸੀ ਵਰ੍ਹੇ ਭੁੱਖ-ਪਿਆਸ, ਗਰਮੀ, ਸਰਦੀ ਦੀ ਪ੍ਰਵਾਹ ਕੀਤੇ ਬਿਨਾ, ਲਾਵਾਰਸ ਮਰੀਜ਼ਾਂ ਦੀ ਸੇਵਾ ਕਰਦਿਆਂ ਤੇ ਹੱਥ ਵਿੱਚ ਟੱਲੀ ਫੜ ਕੇ ਤੇ ਸਤਿਨਾਮ ਕਹਿਕੇ ਗਲੀਆਂ ਵਿੱਚੋਂ ਪ੍ਰਸ਼ਾਦਾ ਉਗਰਾਉਂਦਿਆਂ, ਪਲ-ਪਲ ਮਰੀਜ਼ਾਂ ਦੇ ਰਹਿਣ ਦੀ ਥਾਂ ਦਾ ਫ਼ਿਕਰ ਕਰਦਿਆਂ, ਰੱਬ ਦਾ ਸਿਮਰਨ ਕਰਦਿਆਂ ਹੋਇਆਂ, ਨੰਗੇ ਪੈਰੀਂ ਪਿਆਰੇ ਨੂੰ ਮੋਢੇ 'ਤੇ ਚੁੱਕ ਕੇ, ਭਾਈ ਘਨੱਈਆ ਦੇ ਰਾਹ 'ਤੇ ਚਲਦੇ ਹੋਏ ਲਾ ਦਿੱਤੇ।

ਇਸ ਅਦਭੁੱਤ ਪਿਆਰ ਦੇ ਮਸੀਹੇ ਦਾ ਬਚਪਨ ਦਾ ਨਾਂ ਰਾਮਜੀ ਦਾਸ ਸੀ। ਮਾਤਾ ਮਹਿਤਾਬ ਕੌਰ ਨੇ ਧਰੂ ਭਗਤ, ਹਮਾਨ ਜਤੀ ਸਤੀ, ਸ਼ਿਵਜੀ ਮਹਾਰਾਜ ਅਤੇ ਭਰਥਰੀ ਭਗਤ ਵਰਗੇ ਅਨੇਕਾਂ ਮਹਾਤਮਾਵਾਂ ਦੀਆਂ ਸਾਖੀਆਂ ਸੁਣਾਉਣੀਆਂ ਅਤੇ ਸਾਰਾ ਦਿਨ ਸੇਵਾ ਵਿੱਚ ਜੁੱਟੇ ਰਹਿਣਾ ਅਤੇ ਪਰਉਪਕਾਰ ਦੇ ਕੰਮਾਂ ਦੀ ਪ੍ਰੇਰਨਾ ਦੇਣੀ। ਭਗਤ ਜੀ ਦੇ ਮਨ ਵਿੱਚ ਇਹ ਸੰਸਕਾਰ ਪਰਪੱਕ ਕਰ ਦਿੱਤੇ ਕਿ ਵਾਹਿਗੁਰੂ ਇੱਕ ਹੈ, ਉਹ ਸਭ ਦਾ ਪਾਲਕ ਹੈ, ਸਾਰੀ ਦੁਨੀਆ ਦੇ ਜੀਵ ਉਸਦੇ ਬਣਾਏ ਹੋਏ ਹਨ। ਜਿਹੜਾ ਵੀ ਇਨਸਾਨ ਇਹਨਾਂ ਜੀਵਾਂ ਦੀ ਸੇਵਾ ਕਰੇਗਾ, ਉਹ ਹੀ ਰੱਬ ਨੂੰ ਖ਼ੁਸ਼ ਕਰ ਸਕਦਾ ਹੈ ਤੇ ਉਸਨੂੰ ਪਾ ਸਕਦਾ ਹੈ। ਹਿੰਦੂ ਸੰਸਕਾਰਾਂ ਵਿੱਚ ਪਲੇ ਹੋਏ ਰਾਮਜੀ ਦਾਸ ਨੇ ਹਨੂਮਾਨ ਚਾਲੀਸਾ ਦੇ ਪਾਠ ਕਰਨੇ, ਠਾਕੁਰਾਂ (ਮੂਰਤੀ) ਦੇ ਇਸ਼ਨਾਨ ਕਰਾਉਣੇ ਆਪਣਾ ਕਰਤੱਵ ਬਣਾ ਲਿਆ। ਰੇਰੂ ਸਾਹਿਬ ਗੁਰਦੁਆਰੇ ਵਿੱਚ ਕੱਟੀ ਹੋਈ ਇੱਕ ਰਾਤ ਨੇ ਰਾਮਜੀ ਦਾਸ ਨੂੰ ਪੂਰਨ ਸਿੰਘ ਬਣਾ ਦਿੱਤਾ। ਇਹ ਹੈ ਗੁਰਦੁਆਰਿਆਂ ਦੇ ਲੰਗਰ ਦੇ ਵਿੱਚ ਪੰਗਤ ਵਿੱਚ ਬਿਠਾ ਕੇ ਪ੍ਰਸ਼ਾਦਾ ਛਕਾਉਣ ਦੀ ਮਹੱਤਤਾ। ਸਮਾਜਿਕ ਹਾਲਤਾਂ ਕਰਕੇ ਭਗਤ ਜੀ ਦਸਵੀਂ ਤੋਂ ਬਾਅਦ ਆਪਣੀ ਪੜ੍ਹਾਈ ਜਾਰੀ ਨਾ ਰੱਖ ਸਕੇ ਅਤੇ ਲਾਹੌਰ ਦੇ ਇੱਕ ਸਰਦਾਰ ਹਰਨਾਮ ਸਿੰਘ ਦੀ ਪ੍ਰੇਰਨਾ ਹੇਠ ਭਗਤ ਜੀ ਨੇ ਗੁਰਦੁਰਆਰਾ ਡੇਹਰਾ ਸਾਹਿਬ, ਲਾਹੌਰ ਨੂੰ ਆਪਣਾ ਘਰ, ਆਪਣਾ ਇਸ਼ਟ, ਆਪਣਾ ਵਿਦਿਆਲਾ, ਸਭ ਕੁਝ ਬਣਾ ਲਿਆ। ਚੌਵੀ ਸਾਲ ਨਿਰੰਤਰ ਲੰਗਰ ਦੀ, ਜੋੜਿਆਂ ਦੀ, ਯਾਤਰੂਆਂ ਨੂੰ ਬਿਸਤਰੇ ਦੇਣ ਦੀ, ਭਾਂਡੇ ਮਾਂਜਣ ਦੀ ਨਿਸ਼ਕਾਮ ਸੇਵਾ ਕੀਤੀ। ਬਾਣੀ ਤਾਂ ਹਰ ਵੇਲੇ ਕੰਨਾਂ ਵਿੱਚ ਪੈਂਦੀ ਹੀ ਰਹਿੰਦੀ ਸੀ। ਹੇਠ ਲਿਖੇ ਸ਼ਬਦਾਂ ਨੇ ਭਗਤ ਜੀ ਦੀ ਜ਼ਿੰਦਗੀ 'ਤੇ ਜਾਦੂ ਵਰਗਾ ਅਸਰ ਕੀਤਾ :—

**ਸੇਵ ਕੀਤੀ ਸੰਤੋਖੀਈਂ ਜਿਨ੍ਹੀ ਸਚੋ ਸਚੁ ਧਿਆਇਆ॥**
**ਓਨ੍ਹੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤੁ ਧਰਮੁ ਕਮਾਇਆ॥**
**ਓਨ੍ਹੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥** (ਅੰਗ ੪੬੬)

ਗੁਰਦੁਆਰਾ ਡੇਹਰਾ ਸਾਹਿਬ ਵਿਚ 'ਪਿਆਰਾ ਸਿੰਘ' ਭਗਤ ਜੀ ਨੂੰ ਮਿਲ ਪਿਆ। ਜਿਸਨੇ ਭਗਤ ਜੀ ਦੀਆਂ ਅੱਖਾਂ ਦੇ ਸਾਹਮਣੇ ਆਪਣੇ ਵਰਗੇ ਅਨੇਕ ਅਪਾਹਜਾਂ ਦੀ ਸਮੱਸਿਆ ਖੜ੍ਹੀ ਕਰ ਦਿੱਤੀ, ਜਿਸਦਾ ਹੱਲ ਲੱਭਣ ਲਈ ਭਗਤ ਜੀ ਦੇ ਅੰਦਰੋਂ ਆਵਾਜ਼ ਆਈ। ਇਸ ਸਮੱਸਿਆ ਹੀ ਪਿੰਗਲਵਾੜੇ ਦਾ ਬੀਜ ਰੂਪ ਸੀ, ਜਿਸਦੇ ਅਧਾਰ 'ਤੇ ਪਿੰਗਲਵਾੜਾ ਬਣਿਆ, ਜਿਹੜਾ ਕਿ ਸਾਢੇ ਚਾਰ ਸੌ ਦੇ ਕਰੀਬ ਲਾਵਾਰਸ ਰੋਗੀਆਂ, ਪਾਗਲਾਂ ਦੀ ਛਤਰ ਛਾਇਆ ਬਣਿਆ ਹੋਇਆ ਹੈ।

ਪਿੰਗਲਵਾੜੇ ਨੂੰ ਬੀਜ ਰੂਪ ਤੋਂ ਸੰਘਣੀ ਛਾਂ ਦੇਣ ਵਾਲੇ ਦਰਖ਼ਤ ਬਣਾਉਣ ਤਕ ਦਾ ਸਫ਼ਰ, ਜਿਹੜਾ ਭਗਤ ਜੀ ਨੇ ਤਹਿ ਕੀਤਾ, ਉਹ ਭਗਤ ਜੀ ਦੇ ਚਲਾਣਾ ਕਰ ਜਾਣ ਤੋਂ ਬਾਅਦ ਉਹਨਾਂ ਦੀਆਂ ਪੁਰਾਣੀਆਂ ਤਸਵੀਰਾਂ ਤੋਂ ਪਤਾ ਲੱਗਿਆ। ਤਸਵੀਰਾਂ ਦੇਖਦਿਆਂ ਹੀ ਦੋਵੇਂ ਅੱਖਾਂ ਗੰਗਾ-ਜਮਨਾ ਬਣ ਜਾਂਦੀਆਂ ਹਨ ਅਤੇ ਸੀਸ ਸ਼ਰਧਾ, ਸਤਿਕਾਰ, ਪਿਆਰ ਨਾਲ ਵਾਰ-ਵਾਰ ਝੁੱਕ ਝੁੱਕ ਜਾਂਦਾ ਹੈ।

ਭਗਤ ਜੀ ਮਹਿਸੂਸ ਕਰਦੇ ਸਨ ਕਿ ਸੰਸਾਰ ਦੇ ਸਾਹਮਣੇ, ਤਿੰਨ ਤਰ੍ਹਾਂ ਦੀਆਂ ਚਿੰਤਾਜਨਕ ਵੰਗਾਰਾਂ ਹਨ— ਸਮਾਜਿਕ, ਆਚਰਣਕ ਤੇ ਵਾਯੂ ਮੰਡਲ ਸੰਬੰਧੀ। ਅੱਜ ਦੀ ਵਿੱਦਿਆ ਪ੍ਰਣਾਲੀ ਵਿੱਚ ਸਭ ਤੋਂ ਗ਼ਲਤ ਰੁਝਾਨ ਹੱਥੀਂ ਕੰਮ ਕਰਨ ਤੋਂ ਮੁੱਖ ਮੋੜਨਾ ਹੈ। ਹੱਥ ਨਾਲ ਕੰਮ ਨਾ ਕਰਨ ਨਾਲ ਜੋ ਨੁਕਸਾਨ ਹੁੰਦਾ ਹੈ, ਉਹ ਬ੍ਰਹਮ ਗਿਆਨੀ ਥੋਰਿਊ ਨੇ ਇੰਞ ਬਿਆਨ ਕੀਤਾ ਹੈ, "ਯਤਨ ਤੋਂ ਉਪਜਦੀ ਹੈ ਸਿਆਣਪ ਅਤੇ ਪਵਿੱਤਰਤਾ, ਆਲਸ ਤੋਂ ਜ਼ਹਾਲਤ ਅਤੇ ਇੰਦਰਕ ਭਾਵਨਾਵਾਂ। ਅਪਵਿੱਤਰ ਮਨੁੱਖ ਸਦਾ ਆਲਸੀ ਹੁੰਦਾ ਹੈ, ਜੋ ਚੁੱਲ੍ਹੇ ਪਾਸ ਹੀ ਬੈਠਦਾ ਹੈ, ਜਿਸ ਉੱਤੇ ਲੰਮੇ ਪਿਆਂ ਹੀ ਸੂਰਜ ਆਪਣੀ ਰੌਸ਼ਨੀ ਸੁੱਟਦਾ ਹੈ, ਜੋ ਬਿਨਾ ਥੱਕਿਆਂ ਹੀ ਆਰਾਮ ਕਰਦਾ ਰਹਿੰਦਾ ਹੈ। ਜੇ ਤੁਸੀਂ ਅਪਵਿੱਤਰਤਾ ਤੋਂ ਅਤੇ ਸਾਰੇ ਪਾਪਾਂ ਤੋਂ ਬਚਣਾ ਚਾਹੁੰਦੇ ਹੋ ਤਾਂ ਸੰਜੀਦਗੀ ਨਾਲ ਅਰਥਾਤ ਤਨੋ ਮਨੋ ਕੰਮ ਕਰੋ, ਭਾਵੇਂ ਇਹ ਕੰਮ ਤਬੇਲੇ ਨੂੰ ਸਾਫ਼ ਰੱਖਣਾ ਹੀ ਹੋਵੇ। ਕਾਮ ਦਾ ਸੱਪ ਬੰਦੇ ਤੋਂ ਦੂਰ ਨਹੀਂ ਰਹਿੰਦਾ ਬਲਕਿ ਉਸ ਦੇ ਤਨ ਦੇ ਕਪੜਿਆਂ ਵਿੱਚ ਹੀ ਛਿਪਿਆ ਰਹਿੰਦਾ ਹੈ ਤੇ ਉਸਦੇ ਕੁੜਤੇ ਦੀ ਬਾਂਹ ਉਸ ਸੱਪ ਦੀ ਵਰਮੀ ਸਮਝਣੀ ਚਾਹੀਦੀ ਹੈ। ਕਾਮ ਦਾ ਇਹ ਸੱਪ ਬਾਂਹ ਦੇ ਕੁੜਤੇ ਦੀ ਵਰਮ ਵਿੱਚੋਂ ਬੰਦੇ 'ਤੇ ਵਾਰ ਕਰਨ ਲਈ ਉਦੋਂ ਬਾਹਰ ਨਿਕਲਦਾ ਹੈ, ਜਦੋਂ ਉਸ ਦੇ ਹੱਥ ਵਿਹਲੇ ਹੋਣ ਤੇ ਉਹ ਵਿਹਲਾ ਬੈਠਾ ਹੋਵੇ।" ਇਹ ਖ਼ਿਆਲ ਭਗਤ ਜੀ ਨੇ ਕਿਤਾਬਚਿਆਂ ਤੇ ਇਸ਼ਤਿਹਾਰਾਂ ਦੇ ਰੂਪ ਵਿੱਚ ਹਰ ਨੌਜਵਾਨ ਤਕ ਪਹੁੰਚਾਣ ਦੀ ਕੋਸ਼ਿਸ਼ ਕੀਤੀ।

ਭਗਤ ਜੀ ਕਹਿੰਦੇ ਹੁੰਦੇ ਸਨ ਕਿ ਕਿਸੇ ਵੀ ਦੇਸ਼ ਦੀਆ ਤਿੰਨ ਸਮੱਸਿਆਵਾਂ ਹੁੰਦੀਆਂ ਹਨ— ਬੇਕਾਰੀ, ਅਨਪੜ੍ਹਤਾ ਤੇ ਵੱਧ ਰਹੀ

ਆਬਾਦੀ। ਭਗਤ ਜੀ ਮਹਾਤਮਾ ਗਾਂਧੀ ਦਾ ਰਸਾਲਾ (Young India) ਲਾਹੌਰ ਦਿਆਲ ਸਿੰਘ ਲਾਇਬ੍ਰੇਰੀ ਵਿੱਚ ਜਾ ਕੇ ਪੜ੍ਹਦੇ ਸਨ, ਜਿੱਥੋਂ ਉਨ੍ਹਾਂ ਨੇ ਬੇਕਾਰੀ ਦੂਰ ਕਰਨ ਦਾ ਹੱਲ ਲੱਭਿਆ। ਉਹਨਾਂ ਨੇ ਕਿਹਾ, ਸਾਨੂੰ ਅਜਿਹੇ ਕਿੱਤੇ ਅਪਨਾਉਣੇ ਚਾਹੀਦੇ ਹਨ, ਜਿਹਦੇ ਵਿੱਚ ਵੱਧ ਤੋਂ ਵੱਧ ਇਨਸਾਨਾਂ ਨੂੰ ਕੰਮ ਮਿਲੇ। ਜਿਸ ਤਰ੍ਹਾਂ ਖੱਦਰ ਬੁਣਨਾ, ਕਾਰਖਾਨਿਆਂ ਦੀ ਥਾਂ ਛੋਟੀਆਂ ਘਰੇਲੂ ਦਸਤਕਾਰੀਆਂ ਅਪਨਾਉਣੀਆਂ। ਇਸ ਲਈ ਉਹਨਾਂ ਨੇ ਲੋਕਾਂ ਨੂੰ ਖੱਦਰ ਪਾਉਣ ਲਈ ਪ੍ਰੇਰਨਾ ਦਿੱਤੀ। ਮੈਨੂੰ ਉਹਨਾਂ ਨੇ ਇਸ ਤਰ੍ਹਾਂ ਸਮਝਾਇਆ, "ਜਦੋਂ ਵੀ ਤੁਸੀਂ ਪੈਸਾ ਖ਼ਰਚੋ, ਤੁਹਾਡੇ ਮਨ ਵਿੱਚ ਇਕ ਫੁਰਨਾ ਆਉਂਣਾ ਚਾਹੀਦਾ ਹੈ ਕਿ ਇਹ ਕਮਾਈ ਗ਼ਰੀਬ ਆਦਮੀ ਤਕ ਪਹੁੰਚਣੀ ਚਾਹੀਦੀ ਹੈ। ਸੋ ਜੇ ਤੁਸੀਂ ਕਾਰਖਾਨੇ ਦਾ ਬਣਾਇਆ ਕੱਪੜਾ ਪਾਵੋਗੇ ਤਾਂ ਤੁਹਾਡਾ ਪੈਸਾ ਅਮੀਰ ਆਦਮੀ ਕੋਲ ਜਾਏਗਾ। ਸੂਤ ਕੱਤਣਾ ਤੇ ਖੱਦਰ ਬੁਣਨਾ ਤਾਂ ਅਕਸਰ ਗ਼ਰੀਬ ਆਦਮੀ ਘਰ ਬੈਠੇ ਹੀ ਕਰਦੇ ਹਨ। ਜੇ ਸਾਡੇ ਦੇਸ਼ ਦੇ ਬਹੁਤੇ ਲੋਕ ਖੱਦਰ ਪਾਉਣ ਦਾ ਪ੍ਰਣ ਕਰ ਲੈਣ ਤਾਂ ਉਹ ਬੇਕਾਰੀ ਦੂਰ ਕਰਨ ਵਿੱਚ ਮੱਦਦ ਕਰ ਸਕਦੇ ਹਨ। ਭਗਤ ਜੀ ਨੇ ਪਿੰਗਲਵਾੜੇ ਲਈ ਮਰੀਜ਼ਾਂ ਨੂੰ ਹਸਪਤਾਲ ਲਿਜਾਣ ਵਾਸਤੇ ਹੱਥ ਨਾਲ ਖਿੱਚਣ ਵਾਲੀਆਂ ਰੇੜ੍ਹੀਆਂ ਬਣਵਾਈਆਂ ਤਾਂ ਕਿ ਵੱਧ ਤੋਂ ਵੱਧ ਬੰਦਿਆਂ ਨੂੰ ਰੁਜ਼ਗਾਰ ਦੇ ਸਕਣ। ਇਹੀ ਕਾਰਨ ਹੈ ਕਿ ਆਪਣੇ ਛਾਪੇਖਾਨੇ ਵਿੱਚ ਵੀ ਉਹੋ ਜਿਹੀਆਂ ਮਸ਼ੀਨਾਂ ਲਾਈਆਂ ਜਿਹਦੇ ਵਿੱਚ ਜ਼ਿਆਦਾ ਬੰਦਿਆਂ ਦੀ ਲੋੜ ਪਵੇ।

ਮਾਵਾਂ ਨੂੰ ਅਕਸਰ ਪ੍ਰੇਰਨਾ ਦਿੰਦੇ ਕਿ ਉਹ ਆਪਣੇ ਬੱਚਿਆਂ ਨੂੰ ਧਰਮ ਗ੍ਰੰਥ ਪੜ੍ਹਾਉਣ ਅਤੇ ਟੀ.ਵੀ., ਸਿਨੇਮਾ ਤੇ ਹੋਰ ਇਹੋ ਜਿਹੀਆਂ ਕੋਝੀਆਂ ਚੀਜ਼ਾਂ ਤੋਂ ਦੂਰ ਰੱਖਣ। ਅਕਸਰ ਹੀ ਭਗਤ ਜੀ ਯਹੂਦੀਆਂ ਦੀ ਉਦਾਹਰਨ ਦਿੰਦੇ ਕਿ ਯਹੂਦੀਆਂ ਦੀ ਗਿਰਾਵਟ ਹੋਈ ਤਾਂ ਉਹਨਾਂ ਨੇ ਫ਼ੈਸਲਾ ਕੀਤਾ ਕਿ ਉਹ ਆਪਣੇ ਬੱਚਿਆਂ ਨੂੰ ਹਰ ਰੋਜ਼ ਦੋ ਘੰਟੇ ਧਰਮ ਗ੍ਰੰਥ ਪੜ੍ਹਾਉਣ। ਇਸ ਤਰ੍ਹਾਂ ਹੀ ਉਹ ਘੱਟਗਿਣਤੀ ਦੀਆਂ ਕੌਮਾਂ ਨੂੰ ਇਹ ਸਮਝਾਉਂਦੇ ਕਿ ਜੇ ਤੁਸੀਂ ਆਪਣੀ ਹੋਂਦ ਕਾਇਮ ਰੱਖਣੀ ਚਾਹੁੰਦੇ ਹੋ ਤਾਂ ਤੁਹਾਨੂੰ ਸੰਸਾਰ ਦੇ ਵਿਚ ਬਾਕੀ ਲੋਕਾਂ ਨਾਲੋਂ ਜ਼ਿਆਦਾ ਗੁਣ ਧਾਰਨ ਕਰਨੇ ਪੈਣਗੇ।

ਭਗਤ ਜੀ ਰੋਜ਼ ਹਿੰਦੁਸਤਾਨ ਦੀਆਂ ਤਕਰੀਬਨ ਸਾਰੀਆਂ ਅਖ਼ਬਾਰਾਂ ਤੇ ਰਸਾਲੇ ਪੜ੍ਹਦੇ। ਪੰਜਾਬੀ, ਹਿੰਦੀ ਤੇ ਉਰਦੂ ਦੀਆਂ ਅਖ਼ਬਾਰਾਂ ਤੋਂ ਇਲਾਵਾ **ਸਟੇਟਸਮੈਨ** (ਦਿੱਲੀ), **ਹਿੰਦੂ** (ਮਦਰਾਸ), **ਅੰਮ੍ਰਿਤ ਬਾਜ਼ਾਰ ਪੱਤ੍ਰਿਕਾ** (ਕਲਕੱਤਾ), **ਨਾਗਪੁਰ ਟਾਈਮਜ਼**, **ਇਲਸਟਰੇਟਿਡ ਵੀਕਲੀ**, **ਆਰਗੇਨਾਈਜ਼ਰ**, **ਟ੍ਰਿਬਿਊਨ**, **ਇੰਡੀਅਨ ਐਕਸਪ੍ਰੈਸ**, **ਸਰਿਤਾ**, **ਸਾਰਿਕਾ**, **ਭਵਨ**, **ਹੈਲਥ**, **ਮੁਕਤਾ** ਆਦਿ। ਇਹਨਾਂ ਵਿੱਚੋਂ ਵਿਗਿਆਨੀਆਂ ਦੇ ਖੋਜ ਭਰੇ ਲੇਖ ਪੜ੍ਹਦੇ, ਜਿਹਨਾਂ ਵਿੱਚ ਮਨੁੱਖਤਾ ਦੀਆਂ ਸਮੱਸਿਆਵਾਂ ਦੇ ਹੱਲ ਹੁੰਦੇ, ਜਿਸ ਤਰ੍ਹਾਂ ਕਿ ਵਾਯੂਮੰਡਲ ਵਿੱਚ ਕਾਰਬਨ ਡਾਈਆਕਸਾਈਡ ਦਾ ਵਧਣਾ, ਗਰੀਨ ਹਾਊਸ ਇਫੈਕਟ, ਤੇ ਉਜ਼ੋਨ ਗੈਸ ਦਾ ਬ੍ਰਹਿਮੰਡ ਉੱਤੇ ਘੇਰਾ ਤੇ ਉਸ ਦਾ ਕਲੋਰੋ ਫਲੋਰੋ ਕਾਰਬਨ ਵਰਗੀਆਂ ਗੈਸਾਂ ਨਾਲ ਖ਼ਰਾਬ ਹੋਣਾ ਅਤੇ ਮਨੁੱਖ ਕਿਹੜੇ ਤਰੀਕੇ ਵਰਤ ਕੇ ਵਾਯੂ ਮੰਡਲ ਨੂੰ ਸਾਫ਼ ਰੱਖ ਸਕਦਾ ਹੈ। ਇਸ ਲਈ ਉਹ ਪ੍ਰੈੱਸ ਵਿੱਚ ਇਹ ਲੇਖ ਇਸ਼ਤਿਹਾਰਾਂ 'ਤੇ ਛਾਪ ਕੇ ਲੋਕਾਂ ਵਿੱਚ ਵੰਡਦੇ, ਕਾਲਜਾਂ, ਸਕੂਲਾਂ ਵਿੱਚ ਲੈਕਚਰ ਕਰਦੇ ਅਤੇ ਨੌਜਵਾਨ ਬੱਚਿਆਂ ਨੂੰ ਇਹ ਪ੍ਰੇਰਨਾ ਦਿੰਦੇ ਕਿ ਉਹ ਆਪਣੇ ਹੰਕਾਰ ਨੂੰ ਪੱਠੇ ਪਾਉਣ ਲਈ ਪੈਟਰੋਲ ਤੇ ਡੀਜ਼ਲ ਨਾਲ ਚੱਲਣ ਵਾਲੀਆਂ ਗੱਡੀਆਂ ਨੂੰ ਵਰਤਣ ਤੋਂ ਪ੍ਰਹੇਜ਼ ਕਰਨ। ਇਕ ਵਾਰੀ ਭਗਤ ਜੀ ਜਦੋਂ ਸੰਗਰੂਰ ਆਏ ਤੇ ਸਾਡੇ ਘਰ ਵਿੱਚ ਸਕੂਟਰ ਪਿਆ ਦੇਖ ਕੇ ਉਦਾਸ ਹੋਏ ਤੇ ਜਾ ਕੇ ਚਿੱਠੀ ਵਿੱਚ ਆਪਣੀ ਨਰਾਜ਼ਗੀ ਪ੍ਰਗਟ ਕੀਤੀ। ਚਿੱਠੀ ਦੇ ਅੰਸ਼ ਕੁਝ ਇਸ ਤਰ੍ਹਾਂ ਹਨ :— ਲੋਕ ਦਾਨ ਪੁੰਨ ਨਾ ਕਰਦੇ ਹੋਏ, ਚੋਰੀ, ਝੂਠ, ਰਿਸ਼ਵਤ, ਮਿਲਾਵਟ ਤੇ ਹੋਰ ਕੁਕਰਮ ਕਰਦੇ ਹੋਏ, ਪੈਸਾ ਇਕੱਠਾ ਕਰਦੇ ਹਨ ਤੇ ਹੰਕਾਰ ਦੇ ਪ੍ਰਗਟਾਵੇ ਵਿੱਚ ਉਸ ਨੂੰ ਖ਼ਰਚ ਕਰਦੇ ਹਨ, ਜਿਨ੍ਹਾਂ ਵਿੱਚੋਂ ਸਕੂਟਰ ਦਾ ਚਲਾਉਣਾ ਵੀ ਅਨੇਕਾਂ ਬੰਦਿਆਂ ਲਈ ਕੇਵਲ ਹੰਕਾਰ ਦਾ ਪ੍ਰਗਟਾਵਾ ਹੀ ਹੁੰਦਾ ਹੈ। ਤੇਰੇ ਭਰਾ ਨੂੰ ਸਕੂਟਰ ਚਲਾਉਣ ਦਾ ਚਾਅ ਹੈ। ਇਹੋ ਜਿਹਾ ਚਾਅ ਹੋਰਨਾਂ ਨੂੰ ਹੈ ਤੇ ਮੈਨੂੰ ਇਸ ਗੱਲ 'ਤੇ ਇਤਰਾਜ਼ ਹੈ ਕਿ ਤੁਹਾਡੇ ਘਰ ਦੇ ਮੁੰਡੇ-ਕੁੜੀਆਂ ਹੋਰਨਾਂ ਵਾਗ ਹੰਕਾਰ ਲਈ ਸਕੂਟਰ ਚਲਾਉਣ।" ਵਾਯੂਮੰਡਲ ਨੂੰ ਸਾਫ਼ ਰੱਖਣ ਲਈ ਭਗਤ ਜੀ ਨੇ ਆਪਣੀ ਹੱਥੀਂ ਦਰਖ਼ਤ ਲਾਏ, ਉਹਨਾਂ ਦੀ ਪਾਲਣਾ ਕੀਤੀ ਅਤੇ ਲੋਕਾਂ ਨੂੰ ਰੁੱਖ ਲਾਉਣ ਲਈ ਹਰ ਤਰੀਕੇ ਨਾਲ ਪ੍ਰੇਰਿਆ।

ਭਾਰਤ ਦਾ ਸਭਿਆਚਾਰ ਅਸਾਨੂੰ ਤਿੰਨ ਗੱਲਾਂ ਲਈ ਪ੍ਰੇਰਦਾ ਹੈ— ਦਇਆ, ਦਮਨ ਤੇ ਦਾਨ। ਭਗਤ ਜੀ ਨੇ ਇਹਨਾਂ ਸਾਰੀਆਂ ਗੱਲਾਂ ਦਾ ਪ੍ਰਚਾਰ ਕੀਤਾ ਤੇ ਵੱਧਦੀ ਆਬਾਦੀ ਨੂੰ ਰੋਕਣ ਲਈ ਦਮਨ ਨੂੰ ਆਪਣੀ ਜ਼ਿੰਦਗੀ ਦਾ ਸ਼ਿੰਗਾਰ ਬਣਾਉਣ ਲਈ ਨਸੀਹਤ ਦਿੱਤੀ। ਇਹ ਤਾਂ ਪ੍ਰਤੱਖ ਹੀ ਹੈ ਕਿ ਭਗਤ ਜੀ ਗ਼ਰੀਬਾਂ, ਸਮਾਜ ਦੇ ਲਤਾੜਿਆਂ ਹੋਇਆਂ, ਲਾਵਾਰਸਾਂ ਨਾਲ ਡੂੰਘੀ ਸਾਂਝ ਰੱਖਦੇ ਹੋਏ, ਵਾਹਿਗੁਰੂ ਨੂੰ ਸੁਆਸ ਸੁਆਸ ਯਾਦ ਕਰਦੇ ਅਤੇ ਮੇਰੇ ਵਰਗਿਆਂ ਨੂੰ ਵੀ ਇਸ ਰਾਹ 'ਤੇ ਤੋਰਨ ਲਈ ਆਪਣਾ ਪੂਰਾ ਤਾਣ ਲਾ ਦਿੰਦੇ ਸਨ। ਜਿਸ ਦਾ ਪਤਾ ਉਹਨਾਂ ਦੀ ਲਿਖੀ ਹੋਈ ਇੱਕ ਚਿੱਠੀ ਦੇ ਬੋਲਾਂ ਤੋਂ ਲੱਗਦਾ ਹੈ— "ਤੈਨੂੰ ਮੇਰੀ ਧੀ ਬਣਨ ਲਈ ਵੈਰਾਗਣ ਬਨਣਾ ਪਵੇਗਾ। ਤੂੰ ਬਾਣੀ ਦੇ ਭਾਈ-ਪੁਣੇ ਵਿੱਚ ਕਦੇ ਨਾਗਾ ਨਾ ਪਾਵੀਂ, ਬਾਹਰ ਵੀ ਜਾਵੇਂ ਤਾਂ ਇਹੀ ਕਪੜੇ ਗ਼ਰੀਬਾਂ ਵਾਲੇ ਖੱਦਰ ਦੇ ਪਾ ਕੇ ਜਾਵੀਂ। ਆਪਾਂ ਨੇ ਵੈਰਾਗ ਦੀ ਤੇ ਨੀਵੇਂ ਹੋਣ ਦੀ ਸ਼ਕਲ ਪੇਸ਼ ਕਰਨੀ ਹੈ। 'ਨੀਚਾ ਅੰਦਰਿ ਨੀਚ ਜਾਤਿ ਨੀਚੀ ਹੂ ਅਤਿ ਨੀਚੁ॥ ਨਾਨਕੁ ਤਿਨਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥' ਮੇਰੇ ਜੀਵਨ ਦਾ ਸਭ ਤੋਂ ਵੱਡਾ ਲੱਛਣ ਵੈਰਾਗ ਹੈ। ਤਪ ਨਾਲ ਹੀ ਜੀਵਨ ਗੁਜ਼ਾਰਨਾ, ਭਾਗਾਂ ਵਾਲਾ ਬਣਨਾ ਹੁੰਦਾ ਹੈ। ਫਿਰ ਮੈਂ ਚਾਹੁੰਦਾ ਹਾਂ ਕਿ ਖੱਦਰ ਪਹਿਨਿਆ ਜਾਵੇ, ਕਪੜੇ ਰੋਜ਼ ਨਾ ਬਦਲਾਏ ਜਾਣ, ਨਾ ਹੀ ਦੁੱਧ ਵਰਗੇ ਚਿੱਟੇ ਹਰ ਵੇਲੇ ਰੱਖੇ ਜਾਣ, ਇਹ ਅਮੀਰਾਂ ਦੀਆਂ ਨਿਸ਼ਾਨੀਆਂ ਹਨ। ਅਸੀਂ ਸਾਂਝ ਗ਼ਰੀਬਾਂ ਨਾਲ ਰੱਖਣੀ ਹੈ।"

ਦੁਨੀਆ ਵਿੱਚ ਸਭ ਤੋਂ ਔਖੀ ਘੜੀ ਉਹ ਹੈ ਜਦੋਂ ਤੁਸੀਂ ਦੀਵਾਨਗੀ ਦੀ ਹਾਲਤ ਵਿੱਚ ਪਰਉਪਕਾਰ ਦੇ ਕੰਮਾਂ ਵਿੱਚ ਜੁੱਟੇ ਹੋਵੋ, ਜਿਸ ਤਰ੍ਹਾਂ ਕਿ ਗੋਬਰ ਆਦਿ ਸੜਕ ਤੋਂ ਚੁੱਕ ਕੇ ਖੇਤਾਂ ਵਿੱਚ ਪਹੁੰਚਾਣਾ, ਸੜਕ ਤੋਂ ਕੇਲੇ ਦੇ ਛਿਲਕੇ, ਰੋੜੇ, ਕਿੱਲ ਆਦਿ ਚੁੱਕੀ ਜਾਣਾ। ਮੇਨ ਹੋਲ ਦੇ ਢੱਕਣ ਖੁੱਲੇ ਹੋਣ ਤੇ ਦਿਨ-ਰਾਤ ਖੜੇ ਹੋ ਕੇ ਪਹਿਰਾ ਦੇਣਾ ਤੇ ਫਿਰ ਜਦੋਂ ਲੋਕ ਤੁਹਾਡੇ 'ਤੇ ਹੱਸਣ ਤੇ ਉਹ ਘੜੀ ਤੁਸੀਂ ਨਾ ਘਬਰਾਓ ਤੇ ਵਾਹਿਗੁਰੂ ਦੇ ਸ਼ੁਕਰਾਨੇ ਵਿੱਚ ਰਹੋ ਤਾਂ ਵਾਹਿਗੁਰੂ ਤੁਹਾਡੀਆਂ ਝੋਲੀਆਂ ਬਖ਼ਸ਼ਿਸ਼ਾਂ ਨਾਲ ਭਰ ਦਿੰਦਾ ਹੈ।


ਇਹੋ ਜਿਹੀਆ ਘੜੀਆਂ ਭਗਤ ਜੀ ਨੇ ਆਪਣੇ ਜੀਵਨ ਕਾਲ ਵਿੱਚ ਹੰਢਾਈਆਂ ਅਤੇ ਮੈਨੂੰ ਇਸ ਰਾਹ 'ਤੇ ਤੁਰਨ ਲਈ ਪ੍ਰੇਰਿਆ ਤੇ ਤਾਕਤ ਦਿੱਤੀ। ਇੱਕ ਹੋਰ ਚਿੱਠੀ ਦੇ ਕੁਝ ਅੰਸ਼ ਜੋ ਭਗਤ ਜੀ ਨੇ ਮੈਨੂੰ ਲਿਖੇ ਸੀ ਮੇਰੀ ਘਾੜਤ ਲਈ, ਉਹ ਇਸ ਤਰ੍ਹਾਂ ਹਨ :—

"ਵਾਹਿਗੁਰੂ ਮੇਰੇ ਅਖ਼ੀਰਲੇ ਸਾਹ ਤਕ ਮੇਰੇ ਸਿਰ 'ਤੇ ਤੈਨੂੰ ਰੱਖੇ ਤੇ ਮੈਂ ਜੀਵਨ-ਸੇਵਾ ਵਿੱਚ ਨਿਭਾਂਦਿਆਂ, ਮੇਰਾ ਕੋਈ ਨਹੀਂ ਪਰ ਤੂੰ ਵਾਹਿਗੁਰੂ

(ਬਾਕੀ ਪੰਨਾ 6 'ਤੇ)

(ਲੜੀ ਜੋੜਨ ਲਈ ਪਿਛਲਾ ਅੰਕ ਵੇਖੋ)

# ਪਿਆਰਾਂ ਦਾ ਸਾਈਂ




### 3. ਪ੍ਰੇਮ ਦੀ ਖੈਂਚ

ਸੋ ਸਾਧ ਸੰਗਤ ਜੀ! ਮਨਸੁਖ ਦੇ ਚਲੇ ਜਾਣ ਦੇ ਬਾਦ ਰਾਜਾ ਦਾ ਪ੍ਰੇਮ ਦਿਨੋ ਦਿਨ ਵਧੇਰੇ ਬਿਰਹ ਵਾਲਾ ਹੁੰਦਾ ਗਿਆ। ਉਸ ਨਾਲ ਰੋਜ ਗੱਲ ਬਾਤ, ਗੁਣਗਾਯਨ ਕਰ ਲੈਂਦਾ ਸੀ, ਨਵੇਂ ਤਰ੍ਹਾਂ ਦੇ ਖਿਆਲ ਮਨਸੁਖ ਤੋਂ ਸੁਣਦਾ ਸੀ, ਗੁਰੂ ਦੀ ਕਥਾ ਤੇ ਕਰਤਬ ਸੁਣਦਾ ਸੀ, ਪਰਚਾ ਬਣਿਆ ਰਹਿੰਦਾ ਸੀ, ਦਿਲ ਸੁਖੀ ਹੋ ਜਾਂਦਾ ਸੀ ਤੇ ਮਨਸੁਖ ਦਾ ਆਸਰਾ ਸਹਾਈ ਰਹਿੰਦਾ ਸੀ; ਹੁਣ ਇਕੱਲਾ ਹੋਕੇ ਅਕੁਲਾਉਂਦਾ ਹੈ ਤੇ ਵਧੇਰੇ ਖੈਂਚ ਨਾਲ ਯਾਦ ਕਰਦਾ ਹੈ। ਜਦੋਂ ਪਜਾਰ ਦੀ ਖਿੱਚ ਪ੍ਰੇਮ ਦੀ ਖੈਂਚ ਬਣਕੇ ਵਧੇਰੇ ਤੀਬ੍ਰਤਾ ਤੇ ਤੀਖਣਤਾ ਲੈ ਲੈਂਦੀ ਹੈ ਤਾਂ ਛਿਪ ਨਹੀਂ ਸਕਦੀ। ਸਾਰੇ ਪਤਾ ਲਗ ਗਿਆ ਕਿ ਰਾਜਾ ਪ੍ਰੇਮ ਵਿਚ ਹੈ ਤੇ ਗੁਰੂ ਨਾਨਕ ਨਾਮੇ ਕਿਸੇ ਲਾਹੌਰ ਵਾਸੀ ਸਾਧੂ ਦੇ ਪ੍ਰੇਮ ਵਿਚ ਹੈ, ਤਾਂ ਖਜਾਲ ਹੋ ਗਿਆ ਕਿ ਐਤਨੀ ਦੂਰੋਂ ਕਿਸ ਨੇ ਟੁਰਕੇ ਆਉਣਾ ਹੈ, ਰਾਜੇ ਦੀ ਨੀਮ ਝੱਲੀ ਦਸ਼ਾ ਤੋਂ ਆਪਣਾ ਸ੍ਵਾਰਥ ਪੂਰਾ ਕਰੋ। ਸੋ ਬਨਾਵਟਾਂ ਕਰ ਕਰਕੇ ਲਗੇ ਲੋਕੀਂ ਸਾਧ ਬਣ ਬਣਕੇ ਨਾਨਕ ਨਾਮ ਧਰਾ ਧਰਾਕੇ ਆਉਣ। ਪਹਿਲਾਂ ਤਾਂ ਰਾਜੇ ਦੇ ਨੌਕਰਾਂ ਨੇ ਆਇਆਂ ਦੇ ਸਤਿਕਾਰ ਕੀਤੇ, ਪਰ ਪਾਜ ਉਘੜ ਜਾਂਦੇ ਰਹੇ ਸੋ ਪਖੰਡਾਂ ਦੇ ਪਤੇ ਲਗ ਜਾਣੇ ਤੇ ਉਨ੍ਹਾਂ ਆਉਣ ਵਾਲੇ ਭੇਖੀਆਂ ਦੀ ਪ੍ਰੀਖਜਾ ਆਰੰਭ ਹੋ ਗਈ। ਸਭ ਤੋਂ ਔਖੀ ਪ੍ਰੀਖਜਾ ਕਲੀ ਕਾਲ ਵਿਚ ਜਿਤੇਂਦ੍ਰੈ ਹੋਣੇ ਦੀ ਹੈ। ਜਦ ਤਾਂਈਂ ਅਪਣੇ ਆਪੇ ਦੇ ਰਸ ਦਾ, ਜੋ ਟਿਕਾਉ ਵਿਚ ਜਾ ਕੇ ਖੁੱਲ੍ਹਦਾ ਹੈ ਤੇ ਸਾਈਂ ਮੇਲ ਦੇ ਰਸ ਦਾ, ਜੋ ਉਸ ਪਰਮਾਤਮ ਦੇਵ ਵਿਚ ਟਿਕ ਕੇ ਖੁੱਲ੍ਹਦਾ ਹੈ, ਸਾਧੂ ਨੂੰ ਅਨੁਭਵ ਨਾ ਹੋ ਜਾਵੇ ਉਹ ਪੂਰੀ ਤੇ ਅਸਲੀ ਫਤਹ ਸਰੀਰਕ ਰਸਾਂ ਤੇ ਨਹੀਂ ਪਾਉਂਦਾ। ਇੱਥੇ ਪਹੁੰਚਕੇ ਸਰੀਰ ਦੇ ਰਸਾਂ ਦਾ ਪਤਾ ਲਗ ਜਾਂਦਾ ਹੈ ਕਿ ਏਹ ਅਸਲੀ ਰਸ ਨਹੀਂ ਹਨ, ਇਹ ਅਕਸਰ ਆਪੇ ਨੂੰ ਖਰਚ ਕਰਕੇ ਆਤਸ਼ਬਾਜ਼ੀ ਵਰਗੇ ਚਮਤਕਾਰ ਹੈਨ, ਜਿਨ੍ਹਾਂ ਨਾਲ ਆਪੇ ਵਿਚ ਕਿ ਸਰੀਰ ਵਿਚ ਬਲ ਵਧਦਾ ਨਹੀਂ, ਸਗੋਂ ਕੱਠਾ ਹੋਇਆ ਬਲ ਖਰਚ ਹੁੰਦਾ ਹੈ। ਸੋ ਇਹ ਸਮਝ ਆਕੇ ਸਰੀਰਕ ਸੁੱਖਾਂ ਤੇ ਸਰੀਰਕ ਭੁੱਖਾਂ ਪਰ ਸੁਤੇ ਸੰਜਮ ਪ੍ਰਾਪਤ ਹੋ ਜਾਂਦਾ ਹੈ। ਉਂਞ ਬੀ ਜੋ ਲੋਕ ਇਖਲਾਕੀ ਤਰੀਕੇ ਨਾਲ ਆਪ ਨੂੰ ਭਲਾ ਬਣਾਉਂਦੇ ਤੇ ਸਾਧਨ ਕਰਦੇ ਹਨ, ਉਹ ਵੀ ਸਰੀਰਕ ਸੰਜਮ ਧਾਰਨ ਕਰਦੇ ਹਨ, ਆਪੇ ਤੇ ਕਾਬੂ ਪਾਉਂਦੇ ਹਨ, ਪਰ ਜਦ ਸੁਖਾਂ ਦੇ ਮੂਲ ਸੁਖ ਆਪੇ ਦੇ ਆਪੇ ਵਿਚ ਟਿਕ ਕੇ ਆਪੇ ਵਿਚੋਂ ਆਉਣ ਵਾਲੇ ਰਸ ਦਾ ਪਤਾ ਲਗ ਜਾਂਦਾ ਹੈ ਤਾਂ ਸੰਜਮ ਸੁਤੇ ਤੇ ਪੂਰਾ ਤੇ ਸਹਜ ਸੁਭਾ ਦਾ ਹੋ ਜਾਂਦਾ ਹੈ। ਵਡੇਰਾ ਸੁਖ ਛੁਟੇਰੇ ਸੁਖਾਂ ਨੂੰ, ਅਸਲੀ ਸੁਖ ਨਕਲੀ ਸੁਖਾਂ ਨੂੰ ਓਪਰੇ ਕਰ ਦੇਂਦਾ ਹੈ।

ਗਲ ਕੀ, ਜੋ ਕੋਈ ਉਥੇ ਰਾਜੇ ਦੇ ਦੁਆਰੇ ਪਖੰਡ ਧਾਰਕੇ ਆਵੇ ਜੋ ਕਿਸੇ ਨਾ ਕਿਸੇ ਅਜ਼ਮਾਇਸ਼ ਹੇਠ ਆਕੇ ਕੱਸਾ ਨਿਕਲੇ ਤੇ ਪਕੜਿਆ ਜਾਵੇ। ਇਉਂ ਕੁਛ ਕਾਲ ਖੇਡ ਜਾਰੀ ਰਹੀ। ਜਿਉਂ ਜਿਉਂ ਇਹ ਕੌਤਕ ਵਰਤਣ ਰਾਜੇ ਨੂੰ ਗੁਰੂ ਜੀ ਦੇ ਚਰਨਾਂ ਵਲ ਪ੍ਰੇਮ ਦੀ ਖੈਂਚ ਵਧਦੀ ਜਾਵੇ। ਅੰਤ ਇਸ ਪਜਾਰ ਦੀ ਖੈਂਚ ਗੁਰੂ ਨਾਨਕ ਹਿਰਦੇ ਨੂੰ ਪਹੁੰਚੀ। ਆਪ ਇਸ ਤੋਂ ਪਹਿਲਾਂ ਇਕ ਵੇਰੀ ਦਸ ਬਾਰਾਂ ਬਰਸ ਦੀ ਉਦਾਸੀ ਕਰ ਚੁਕੇ ਸੇ, ਪੂਰਬ ਰੁਖ ਹੋਕੇ ਵਡੇ-ਵਡੇ ਤੀਰਥੀਂ ਤੇ ਅਸਥਾਨੀ ਫਿਰਦੇ ਮਠ, ਸਾਧਾਂ ਦੇ ਟਿਕਾਣੇ ਦੇਖਦੇ ਸਤਿਨਾਮ ਦਾ ਪੱਲੂ ਫੇਰ ਆਏ ਸੇ। ਫੇਰ ਦੇਸ ਵਿਚ ਚੱਕਰ ਲਾਕੇ ਬੜੇ ਬੜੇ ਭਾਰੇ ਕੰਮ ਕੀਤੇ ਸੇ ਤੇ ਬੜੇ ਬੜੇ ਗੜ੍ਹ ਫਤਹ ਕੀਤੇ ਸੇ। ਹਠ, ਤਪ, ਰਿਆਜ਼ਤ, ਕਰੜੀਆਂ ਮੁਸ਼ੱਕਤਾਂ, ਭਾਈਚਾਰੇ ਤੋਂ ਅਲੱਗ ਹੋ ਕਰਨੀਆਂ ਵਾਲਿਆਂ ਨੂੰ ਸੋਧ ਚੁਕੇ ਸੇ, ਸਭ ਨੂੰ ਪ੍ਰੇਮ ਦਾ ਮਾਰਗ ਦੱਸ ਚੁਕੇ ਸੇ, ਸਿਫਤ ਸਲਾਹ ਦੇ ਰਸਤੇ ਪਾਕੇ ਉੱਚਾ ਆਦਰਸ਼ ਸਿਖਾ ਚੁਕੇ ਤੇ ਸਿਖਾ ਰਹੇ ਸੇ ਕਿ ਹੁਣ ਇਸ ਖੈਂਚ ਨੇ ਦੂਸਰੀ ਉਦਾਸੀ ਲਈ ਤਿਆਰੀ ਕਰਵਾ ਦਿੱਤੀ। ਸੋ ਹੁਣ ਆਪ ਤਿਆਰ ਹੋਕੇ ਤੁਰ ਪਏ। ਵੇਸ ਸੀ ਰਲਵਾਂ ਮਿਲਵਾਂ, ਕਈ ਫਿਰਕਿਆਂ, ਮਤਾਂ ਦਾ। ਇਸ ਦਾ ਭਾਵ ਇਹ ਸੀ ਕਿ ਆਪ ਕਿਸੇ ਇਕ ਫਿਰਕੇ ਦੇ ਫਿਰਕਾਪਰਸਤ ਨਹੀਂ ਹਨ। **ਪੁਰਾਤਨ ਜਨਮ ਸਾਖੀ** ਵਿਚ ਲਿਖਿਆ ਹੈ ਕਿ ਇਸ ਉਦਾਸੀ ਵਿਚ ਨਾਲ ਸੀ ਸੈਦੋ ਜਟ ਤੇ ਸੀਹੋਂ ਜਟ। ਰਸਤੇ ਵਿਚ ਅਨੇਕ ਕੌਤਕ ਹੋਏ ਤੇ ਅਨੇਕਾਂ ਤਾਰੇ। ਇਕ ਦੇਸ ਦਾ ਨਾਉ ਧਨਾਸਰੀ ਲਿਖਿਆ ਹੈ- ਸ਼ਾਯਦ ਇਹ ਤਨਾਸਰਮ ਦਾ ਨਾਮ ਹੋਵੇ। ਏਥੇ ਇਕ ਸਰੇਵੜੇ ਨੂੰ ਤਾਰਿਆ। ਉਸ ਨੂੰ ਕਰੜੇ ਤਪਾਂ ਹਠਾਂ ਮੈਲੀਆਂ ਕਿਰਿਆਂ ਤੋਂ ਛੁਡਾ ਕੇ ਕਰਤਾਰ ਨੂੰ ਕਰਤਾ ਸਿੱਧ ਕਰਕੇ ਉਸਦੇ ਲੜ ਲਾਇਆ ਤੇ ਆਖਿਆ, ਹੇ ਸਾਧੂ ਜੀ! ਨਾ ਸਮਝੋ ਕਿ ਜਗਤ ਵਿਚ ਉਦਾਸੀ ਲਈ, ਖਪਣ ਲਈ ਇਹ ਮਨੁੱਖਾ ਜਨਮ ਹੈ। ਜੀਵਨ ਮਾਤ੍ਰ ਇਕ ਰਸਮਯ ਵਸਤੂ ਹੈ, ਜੀਵੋ, ਸੁਹਣਾ ਜੀਵਨ ਜੀਵੋ, ਆਪਣੇ ਆਧਾਰ ਰਹੋ, ਹਠ ਤਪ ਸਾਧਨ ਇਹ ਧਾਰੋ ਕਿ ਕਿਸੇ ਨੂੰ ਦੁਖਾਉਣਾ ਨਹੀਂ ਤੇ ਵਿਚ ਇਹ ਬੀ ਸਮਝੋ ਕਿ ਆਪੇ ਨੂੰ ਵੀ ਨਹੀਂ ਦੁਖਾਉਣਾ। ਆਪੇ ਨੂੰ ਟਿਕਾ ਕੇ ਪਰਮ ਪੁਰਖ ਦੇ ਧਯਾਨ ਵਿਚ ਲਾਕੇ ਸੁਤੇ ਸੁਖ ਵਿਚ ਟਿਕਣਾ ਹੈ। ਜਗਤ ਤੋਂ ਪਰੇ ਹਟਣ ਤੇ ਛੂ ਛੂ ਕਰਨ ਨਾਲੋਂ ਜਗਤ ਵਿਚ ਵੱਸਕੇ ਸੇਵਾ ਭੀ ਕਰਨੀ ਹੈ। ਇਸ ਸਾਧ ਦਾ ਨਾਉ ਅਨਭੀ ਸੀ, ਇਸ ਨੂੰ ਸਿੱਖ ਬਣਾਕੇ ਮੰਜੀਂ ਬਖਸ਼ੀਂ ਲਿਖੀ ਹੈ। ਇਸੇ ਸਫਰ ਵਿਚ ਕਿਸੇ ਟਾਪੂ ਵਿਚ ਕਿਸੇ ਮਾਣਸ ਖਾਣੇ ਕੌਡੇ ਨਾਮ ਦੇ ਰਾਖਸ਼ ਨੂੰ ਉਸਦੀ ਭ੍ਰਿਸ਼ਟ ਕ੍ਰਿਯਾ ਤੋਂ ਕੱਢਕੇ ਮਾਨੁਖ ਪ੍ਰੇਮ ਵਿਚ ਲਾਯਾ ਤੇ ਜਗਤ ਦਾ ਅਜਾਈਂ ਮਾਰੇ ਜਾਣ ਦਾ ਇਕ ਸੰਕਟ ਨਿਵਿਰਤ ਕੀਤਾ। ਇਹ ਰਾਖਸ਼ ਅਗੋਂ ਨੂੰ ਸ੍ਰਿਸ਼ਟੀ ਸੇਵਕ ਹੋ ਗਿਆ। ਇਸੇ ਸਫਰ ਵਿਚ ਆਪ ਮਖਦੂਮ ਬਹਾਵਦੀਨ ਨੂੰ ਮਿਲੇ ਜੋ ਮਾਨਸਿਕ ਸ਼ਕਤੀ ਵਧਾਕੇ ਮੁਸੱਲੇ ਤੇ ਬੈਠਕੇ ਪਾਣੀਆਂ ਵਿਚ ਤਰਿਆ ਕਰਦਾ ਸੀ। ਇਸ ਨੂੰ ਕਈ ਕੌਤਕ ਕਰਕੇ ਭੁੱਲ ਤੋਂ ਕੱਢਿਆ ਤੇ ਦੱਸਿਆ ਕਿ ਮਾਰਗ ਸਿਫਤ ਸਲਾਹ ਹੈ, ਆਪੇ ਨੂੰ ਨਿਰੋਲ ਨਿਰਮਲ ਕਰ ਕੇ ਤੱਕਣਾ ਹੈ ਤੇ ਆਪੇ ਨੂੰ ਪਰਮ ਆਪੇ ਨਾਲ ਵਸਲ ਵਿਚ ਲੈ ਆਉਣਾ ਹੈ। ਜਿਨ੍ਹਾਂ ਖੇਡਾਂ ਵਿਚ ਲਗ ਰਹੇ ਹੋ, ਓਹ ਅਪਣੀ ਹਉਂ ਤੇ ਤ੍ਰਿਸ਼ਨਾਂ ਨੂੰ ਵਧਾ ਕੇ ਦੂਜੇ ਇਨਸਾਨਾਂ ਨੂੰ ਆਪਣੇ ਵੱਸ ਵਿਚ ਕਰਨ ਦੀਆਂ ਹਨ। ਚਾਹੀਦਾ ਹੈ ਆਪੇ ਨੂੰ ਹਉਂ ਤੋਂ ਸੁਤੰਤਰ ਕਰਕੇ ਦੂਸਰਿਆਂ ਨੂੰ ਸੁਤੰਤਰ ਕਰਨਾ, ਆਪੇ ਵਿਚ ਟਿਕਾਕੇ ਸੁਖੀ ਕਰਨਾ। ਉਸ ਵੇਲੇ ਲਿਖਿਆ ਹੈ ਕਿ ਗੁਰੂ ਬਾਬੇ ਨੇ ਫੁਰਮਾਯਾ ਸੀ- "ਸਉ ਓਲਾਮੑੇ ਦਿਨੈ ਕੇ ਰਾਤੀ ਮਿਲਨਿ੍ ਸਹੰਸ॥ ਸਿਫਤਿ ਸਲਾਹਣੁ

ਛਡਿਕੈ ਕਰੰਗੀ ਲਗਾ ਹੰਸੁ॥'' ਸਾਧ ਸੰਗਤ ਜੀ ਹੰਸ ਨਾਮ ਹੈ ਸਾਧੂ ਦਾ ਤੇ ਹੰਸ ਨਾਮ ਹੈ ਮਾਨਸਰੋਵਰ ਤੇ ਰਹਿਣ ਵਾਲੇ ਇਕ ਪੰਛੀ ਦਾ ਜੋ ਉਜਲ ਹੁੰਦਾ ਹੈ, ਸਾਧੂ ਉਜਲ ਚਾਹੀਏ। ਹੰਸ ਮੁਰਦਾਰ ਨਹੀਂ ਖਾਂਦਾ, ਮੁਰਦਾਰ ਖਾਣੇ ਕੰਮ ਗਿਰਝਾਂ, ਚੀਲਾਂ ਆਦਿ ਦਾ ਹੈ। ਸੋ ਸਾਧੂ ਜੇ ਦੂਸਰਿਆਂ ਨੂੰ ਕਰਾਮਾਤਾਂ ਦੇ ਜ਼ੋਰ ਵੱਸ ਕਰਕੇ ਆਪਣੇ ਗੁਲਾਮ ਬਨਾਵੇ ਤੇ ਉਨ੍ਹਾਂ ਨੂੰ ਆਤਮ ਜੀਵਨ ਦਾਨ ਕਰਕੇ ਉਚਿਆ, ਸੁਚਿਆਂ, ਨਿਰਮਲ ਤੇ ਸੁਖੀ ਨਾ ਕਰੇ ਤਾਂ ਉਹ ਗਿਰਝਾਂ ਵਾਲੇ ਕੰਮ ਵਿਚ ਪੈ ਗਿਆ ਹੈ। ਉਹ ਤਾਂ ਸਗੋਂ ਆਤਮ ਜੀਵਨ ਵਲੋਂ ਮਰ ਚੁਕੇ ਲੋਕਾਂ ਤੋਂ ਅਪਣੇ ਲਾਭ ਤੇ ਯਸ ਖਟਣ ਦੇ ਮਗਰ ਪੈ ਗਿਆ ਹੈ, ਉਸਨੇ ਹੰਸਾਂ ਦਾ ਖਾਣਾ ਮੋਤੀ ਤੇ ਦੁੱਧ ਛੋੜ ਦਿੱਤਾ ਹੈ। ਗੁਰੂ ਜੀ ਨੇ ਸਿਫਤ ਸਲਾਹ ਦਾ ਮਾਰਗ ਦੱਸਕੇ, ਹਾਂ, ਇਸ ਜ਼ੁਹਦੀ ਤੇ ਤਪੀ ਫਕੀਰ ਨੂੰ ਉੱਚ ਸੁਰਤੇ ਕਰਕੇ ਨਿਹਾਲ ਕੀਤਾ। ਫਕੀਰ ਚੰਗਾ ਸੀ, ਘਾਲੀ ਸੀ, ਪਰ ਰਿੱਧੀ ਸਿੱਧੀ ਵਿਚ ਅਟਕਿਆ ਖਲਾ ਸੀ, ਗੁਰੂ ਬਾਬੇ ਨੇ ਵਿਸਮਾਦ ਦੇ ਰੰਗ ਲਾ ਦਿਤੇ। ਇਸੇ ਸਫਰ ਵਿਚ ਗੋਰਖ ਜੋਗੀ ਤੇ ਮਛਿੰਦ੍ਰ ਆਦਿਕ ਆਪ ਨੂੰ ਮਿਲੇ। ਇਨ੍ਹਾਂ ਨਾਲ ਬੀ ਵੀਚਾਰ ਹੋਏ। ਦੋ ਤ੍ਰੈ ਸ਼ਬਦ ਉਚਾਰੇ। ਮੁੱਖ ਗਲ ਜੋ ਦ੍ਰਿੜ ਕਰਾਈ ਇਹ ਸੀ:-

**ਸਿਧ ਸਾਧਿਕ ਅਰੁ ਜੋਗੀ ਜੰਗਮ ਪੀਰ ਪੁਰਸ ਬਹੁਤੇਰੇ॥**

**ਜੇ ਤਿਨ ਮਿਲਾ ਤ ਕੀਰਤਿ ਆਖਾ ਤਾ ਮਨੁ ਸੇਵ ਕਰੇ॥** (ਅੰਗ ੮੭੭)

ਜਿਸ ਦਾ ਅਰਥ ਸਾਫ ਹੈ ਕਿ ਸਿਧ ਸਾਧੂ ਜੋਗੀ ਜੰਗਮ ਪੀਰ ਹੋਰ ਪ੍ਰਸਿੱਧ ਪੁਰਖ ਜੋ ਕੋਈ ਮੈਨੂੰ ਮਿਲਦਾ ਹੈ ਮੈਂ ਉਸ ਨੂੰ ਇਹੋ ਮਤ ਦੇਂਦਾ ਹਾਂ ਕਿ ਭਾਈ 'ਕੀਰਤ ਦੇ ਰਸਤੇ-' ਸਿਫਤ ਸਲਾਹ ਦੇ ਰਾਹ ਤੇ ਆਓ। ਇਸ 'ਮੱਚ ਮਰੇ' ਮਨ ਨੂੰ ਸਿਫਤ ਸਲਾਹ ਨਾਲ ਜਿਵਾਓ, ਹਾਂ, ਗੁਣ ਕੀਰਤੀ ਨਾਲ, ਸੁਹਾਵੇ ਕੀਰਤਨ ਨਾਲ ਜਗਾਓ, ਮਦ ਵਿਚ ਲਿਆਓ, ਆਪੇ ਦੇ ਟਿਕਾਉ ਦੇ ਮਦ ਵਿਚ, ਆਪੇ ਵਿਚ ਟਿਕਾਕੇ। ਇਹ ਆਪਾ ਸੁੰਦਰ ਹੈ ਤੇ ਸੁਖ ਸਰੂਪ ਹੈ ਤੇ ਪਰਮ ਸੁਖ ਸਰੂਪ ਦੇ ਹਜ਼ੂਰ ਪਹੁੰਚਦਾ ਹੈ। ਉਸ ਵਿਚ ਮਿਲਕੇ ਨਦੀ ਦੇ ਸਮੁੰਦਰ ਨਾਲ ਮਿਲਣ ਵਾਂਙੂ ਬਲਵਾਨ ਤੇ ਵਿਸ਼ਾਲ ਹੋ ਜਾਂਦਾ ਹੈ। ਸੋ ਸਾਧ ਸੰਗਤ ਜੀ! ਇਸ ਤਰ੍ਹਾਂ ਦੇ ਕਾਰਜ ਕਰਦੇ ਜਗਤ ਨੂੰ ਜਗਾਉਂਦੇ ਸੁਰਤਾਂ ਦਾਨ ਕਰਦੇ ਆਪ ਸੰਗਲਾਦੀਪ ਜਾ ਪਹੁੰਚੇ।

**(ਲੇਖ ਦਾ ਬਾਕੀ ਹਿੱਸਾ ਅਗਲੇ ਅੰਕ 'ਚ)**

## ਅਦਭੁੱਤ ਪਿਆਰ ਦਾ ਮਸੀਹਾ

ਵੱਲੋਂ ਮੇਰੇ ਤੇ ਪਿਆਰੇ ਵਿੱਚ ਖੜ੍ਹੀ ਹੋ ਕੇ ਸਾਨੂੰ ਲਾਵਾਰਸ ਨਹੀਂ ਰਹਿਣ ਦਿੱਤਾ। ਸੰਗਰੂਰ ਤੈਨੂੰ ਮੈਂ ਇਹ ਗੱਲ ਕਹੀ ਸੀ ਕਿ ਜਦੋਂ ਮੈਂ ਮਰਾਂ ਤੇ ਤੈਨੂੰ ਇਹ ਗੱਲ ਕਹਾਂ ਕਿ ਤੈਨੂੰ ਵਾਹਿਗੁਰੂ ਨੇ ਮੇਰੀ ਮਾਂ ਦੀ ਥਾਂ 'ਤੇ ਮੇਰੇ ਸਿਰ 'ਤੇ ਖੜ੍ਹਾ ਕਰਕੇ ਤਲਵਾਰ ਦੀ ਧਾਰ 'ਤੇ ਚੱਲ ਕੇ ਪ੍ਰਾਣੀ ਮਾਤਰ ਦੀ ਸੇਵਾ ਕਰਨ ਲਈ ਤੋਰਿਆ ਹੈ।''

ਭਗਤ ਜੀ ਜਦੋਂ ਇੱਕ ਵਾਰੀ ਪ੍ਰੋਸਟੇਟ ਦੇ ਆਪਰੇਸ਼ਨ ਲਈ ਹਸਪਤਾਲ ਵਿੱਚ ਦਾਖ਼ਲ ਹੋਏ ਤਾਂ ਮੈਂ ਉਹਨਾਂ ਕੋਲ ਹਸਪਤਾਲ ਵਿੱਚ ਸੇਵਾ ਕਰਨ ਲਈ ਰਹੀ ਕਿਉਂਕਿ ਮੇਰੇ ਪਿਤਾ ਜੀ ਦੇ ਇਸ ਸੰਸਾਰ ਤੋਂ ਚਲੇ ਜਾਣ ਤੋਂ ਬਾਅਦ, ਭਗਤ ਜੀ ਨੇ ਆਪਣਾ ਪਿਤਾ ਵਾਲਾ ਅਸੀਸਾਂ ਭਰਿਆ ਹੱਥ ਮੇਰੇ ਸਿਰ 'ਤੇ ਰੱਖਿਆ ਹੋਇਆ ਸੀ। ਧੀ ਹੋਣ ਦੇ ਨਾਤੇ ਮੈਂ ਆਉਣਾ ਹੀ ਸੀ, ਦੂਜਾ ਲਾਲਚ ਮੈਨੂੰ ਇਹ ਸੀ ਕਿ ਇੱਕ ਭਗਤ ਜੀ ਦੀ ਸੇਵਾ ਕਰ ਕੇ ਮੈਨੂੰ ਸਾਢੇ ਚਾਰ ਸੌ ਨਿਆਸਰਿਆਂ ਦੀਆਂ ਅਸੀਸਾਂ ਪ੍ਰਾਪਤ ਹੋਣਗੀਆਂ ਪਰ ਭਗਤ ਜੀ ਨੇ ਤਾਂ ਰੱਬ ਦੇ ਸ਼ੁਕਰਾਨੇ ਵਾਲੀ ਹੱਦ ਹੀ ਕਰ ਦਿੱਤੀ, ਜਿਸਦਾ ਪਤਾ ਉਹਨਾਂ ਦੀਆਂ ਇਨ੍ਹਾਂ ਸਤਰਾਂ ਵਿੱਚੋਂ ਮਿਲਦਾ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਬਦ ਹੈ, ''ਪਾਇਓ ਬਾਲ ਬੁਧਿ ਸੁਖੁ ਰੇ।'' ਮੈਂ ਬਾਲ ਹਿਰਦੇ ਨਾਲ ਜੀਵਨ ਗੁਜ਼ਾਰਦਾ ਰਿਹਾ ਹਾਂ। ਮੇਰਾ ਹਿਰਦਾ ਵੱਧ ਤੋਂ ਵੱਧ ਡੂੰਘਿਆਈ ਨਾਲ ਰੱਬ ਦੀ ਭਗਤੀ ਵਿੱਚ ਲੱਗਾ ਰਿਹਾ ਹੈ ਪਰ ਮੇਰੇ ਹਿਰਦੇ ਨੂੰ ਹਰ ਕੋਈ ਨਹੀਂ ਸਮਝ ਸਕਦਾ। ਮੇਰੀ ਭਗਤੀ ਦੇ ਸਿੱਟੇ ਦੇ ਤੌਰ 'ਤੇ ਰੱਬ ਦੇ ਦਰਸ਼ਨ ਹੋਣੇ ਚਾਹੀਦੇ ਹਨ। ਰੱਬ ਨੂੰ ਇਹ ਪ੍ਰਵਾਨ ਹੋਇਆ ਦਿਸਦਾ ਹੈ। ਮੈਂ ਰੱਬ ਦੇ ਕੰਮਾਂ ਵਿੱਚੋਂ ਰੋਣਾ ਲਿਆਉਣ ਵਾਲੇ ਕਸ਼ਟ ਉਗਾਉਂਦਾ ਰਿਹਾ ਹਾਂ। ਰੱਬ ਵੱਲੋਂ ਉਸਦੀ ਮਿਹਰ ਵੀ ਮੇਰੇ 'ਤੇ ਇਤਨੀ ਹੋਣੀ ਚਾਹੀਦੀ ਸੀ ਕਿ ਮੈਂ ਸ਼ੁਕਰੀਏ ਵਿੱਚ ਰੋਂਦਾ ਰਹਾਂ। ਉਹ ਚਮਤਕਾਰ ਵਾਹਿਗੁਰੂ ਨੇ ਮੈਨੂੰ ਦਿਖਾਇਆ ਹੈ, ਬੀਬੀ ਇੰਦਰਜੀਤ ਕੌਰ ਦੇ ਰੂਪ ਵਿੱਚ। ਮੈਨੂੰ ਰੱਬ ਨੇ ਉਹ ਕੌਤਕ ਦਿਖਾਇਆ ਹੈ, ਜਿਸ ਨੂੰ ਮੈਂ ਰੱਬ ਦੇ ਦਰਸ਼ਨ ਸਮਝਦਾ ਹਾਂ। ਇਸ ਤੋਂ ਵੱਧ ਕਿਰਪਾ ਦੀ ਮੈਂ ਰੱਬ ਪਾਸੋਂ ਆਸ ਨਹੀਂ ਕਰ ਸਕਦਾ ਸੀ। ਮੈਂ ਰੱਜਿਆ ਪਿਆ ਹਾਂ ਰੱਬ ਦੀ ਉਸ ਬਖ਼ਸ਼ਿਸ਼ ਨਾਲ, ਬੀਬੀ ਤਾਂ ਮੇਰੀ ਨਿਗਾਹ ਵਿੱਚ ਨੌਂ ਸਾਲ ਦੀ ਲੜਕੀ ਹੈ। ਮੇਰਾ ਖ਼ਿਆਲ ਹੈ ਉਹ ਪਿਆਰਾ ਸਿੰਘ ਲੂਲ੍ਹੇ ਦੀ ਮੇਰੀ ਸੇਵਾ ਵਿੱਚ ਅੱਧ ਦੀ ਅਧਿਕਾਰੀ ਬਣ ਚੁੱਕੀ ਹੈ।''

ਭਗਤ ਜੀ ਨੇ ਆਪਣੀ ਜ਼ਿੰਦਗੀ ਵਿੱਚ ਗੁਰੂ ਨਾਨਕ ਦੇਵ ਜੀ ਵਰਗਾ ਰੋੜਿਆਂ ਦੀ ਵਿਛਾਈ ਦਾ ਰਾਹ ਅਪਣਾਇਆ। ਜਿੱਥੇ ਵੀ ਕਿਸੇ ਲੋੜਵੰਦ ਨੂੰ ਦੇਖਦੇ, ਆਪਣੇ ਹਿੱਸੇ ਦਾ ਲੰਗਰ ਵੀ ਛਕਾ ਦਿੰਦੇ ਅਤੇ ਆਪਣੇ ਕੱਪੜੇ ਵੀ ਲਾਹ ਕੇ ਦੇ ਦਿੰਦੇ। ਇਸ ਤਰ੍ਹਾਂ ਉਹ ਪਰਉਪਕਾਰ ਦੇ ਬਿਖੜੇ ਰਾਹਾਂ 'ਤੇ ਤੁਰਦੇ ਜ਼ਿੰਦਗੀ ਨੂੰ ਖ਼ੁਸ਼ੀਆਰ ਨਾਲ ਬਿਤਾਉਂਦੇ ਰਹੇ।

ਸੋ ਭਗਤ ਜੀ ਨੇ ਮੈਨੂੰ ਕਈ ਸਾਲ ਮਿਹਨਤ ਕਰਕੇ ਇੱਕ ਸਾਂਚੇ ਵਿੱਚ ਘੜਿਆ ਅਤੇ ਪਿੰਗਲਵਾੜੇ ਦੀ ਸੇਵਾ ਦਾ ਭਾਰ ਮੇਰੇ ਨਿਮਾਣੇ ਮੋਢਿਆਂ 'ਤੇ ਪਾ ਕੇ ਸਰੀਰਕ ਤੌਰ 'ਤੇ ਵਿਛੋੜਾ ਦੇ ਗਏ। ਦਿਲ ਕਰਦਾ ਹੈ, ਜੋ ਬੂਟਾ ਪਰਉਪਕਾਰ ਦਾ ਭਗਤ ਜੀ ਨੇ ਪਿੰਗਲਵਾੜੇ ਦੇ ਰੂਪ ਵਿਚ ਲਾਇਆ, ਉਹ ਵਧੇ ਫੁੱਲੇ ਅਤੇ ਇਸਦੇ ਬੀਜ ਥਾਂ ਥਾਂ ਖਿਲਰਨ ਤੇ ਇਹੋ ਜਿਹੇ ਹੋਰ ਪਰਉਪਕਾਰੀ ਜੀਵ ਪੈਦਾ ਹੋਣ, ਜਿਹੜੇ ਭਗਤ ਜੀ ਦੇ ਦਰਸਾਏ ਹੋਏ ਰਸਤੇ 'ਤੇ ਚੱਲਣ ਤੇ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣਨ। ਪਿੰਗਲਵਾੜੇ ਦੇ ਸੁਸਾਇਟੀ ਮੈਂਬਰਾਂ ਸ. ਮੋਹਕਮ ਸਿੰਘ, ਬੀਬੀ ਦਰਸ਼ਨ ਕੌਰ, ਸ. ਅਮਰ ਸਿੰਘ, ਸ. ਸੇਵਾ ਸਿੰਘ ਤੇ ਖ਼ਾਸਕਰ ਇੰਦਰਜੀਤ ਸਿੰਘ ਬਾਗੀ, ਵਰਤਮਾਨ ਆਨਰੇਰੀ ਮੁੱਖ ਪ੍ਰਬੰਧਕ, ਜਿਹਨਾਂ ਨੇ ਭਗਤ ਜੀ ਤੇ ਮੇਰੇ ਪਿਆਰ ਕਰਕੇ ਰਾਜਨੀਤੀ 'ਚੋਂ ਸੰਨਿਆਸ ਲਿਆ ਤੇ ਪੱਕੇ ਤੌਰ 'ਤੇ ਪਿੰਗਲਵਾੜੇ ਧਰਨਾ ਮਾਰ ਕੇ ਬੈਠ ਗਏ, ਦੀ ਰਿਣੀ ਹਾਂ ਜੋ ਮੇਰਾ ਤਨਦੇਹੀ ਨਾਲ ਸਾਥ ਦੇ ਰਹੇ ਹਨ। ਸੁਰਜੀਤ ਸਿੰਘ ਰਾਹੀ, ਸਤਿਨਾਮ ਸਿੰਘ ਬਾਜਵਾ ਤੇ ਮਾਨਯੋਗ ਖ਼ਜ਼ਾਨਚੀ ਤੇ ਹੋਰ ਸਾਰਾ ਸਟਾਫ਼ ਪੂਰੀ ਇਮਾਨਦਾਰੀ ਨਾਲ ਦਿਨ-ਰਾਤ ਇਕ ਕਰਕੇ ਸੇਵਾ ਨਿਭਾ ਰਹੇ ਹਨ। ਸ਼ਹਿਰ ਦੇ ਪਤਵੰਤੇ ਸ. ਮੁਬਾਰਕ ਸਿੰਘ, ਡਾ. ਮਾਨ ਸਿੰਘ ਨਿਰੰਕਾਰੀ, ਸ. ਕਿਰਪਾਲ ਸਿੰਘ ਤੇ ਸ. ਮਨਜੀਤ ਸਿੰਘ ਕਲਕੱਤਾ ਹਮੇਸ਼ਾ ਅਸੀਸਾਂ ਭਰਿਆ ਹੱਥ ਮੇਰੇ ਸਿਰ 'ਤੇ ਰੱਖਦੇ ਹਨ ਤੇ ਔਖੇ ਵੇਲੇ ਮੱਦਦ ਕਰਦੇ ਹਨ।

ਅੰਤ ਵਿਚ ਫੇਰ ਉਹ ਰੱਬੀ ਰੂਹ, ਮਨੁੱਖਤਾ ਦੇ ਮਿੱਤਰ, ਪਰਉਪਕਾਰ ਦੇ ਸੱਚੇ ਆਸ਼ਕ, ਗ਼ਰੀਬਾਂ ਦੇ ਵਾਰਸ, ਪਿਆਰ ਦੇ ਸੋਮੇ ਨੂੰ ਜਿਸਨੇ ਆਪਾ ਗੁਆ ਕੇ, ਨਿਮਾਣਾ ਰਹਿੰਦੇ ਹੋਏ, ਮਨੁੱਖਤਾ ਦੀ ਹਰ ਪ੍ਰਕਾਰ ਨਾਲ ਸੇਵਾ ਕੀਤੀ, ਮੈਂ ਤੇ ਹਰ ਉਹ ਇਨਸਾਨ ਜੋ ਮਨੁੱਖਤਾ ਨੂੰ ਪਿਆਰ ਕਰਦਾ ਹੈ, ਉਸ ਦਾ ਰੋਮ-ਰੋਮ ਲੱਖ-ਲੱਖ ਵਾਰ ਨਮਸਕਾਰ ਕਰਦੇ ਹਾਂ।

*ਪ੍ਰਧਾਨ, ਆਲ ਇੰਡੀਆ ਪਿੰਗਲਵਾੜਾ ਸੋਸਾਇਟੀ, ਅੰਮ੍ਰਿਤਸਰ।

# Guidelines from Sri Guru Tegh Bahadur Ji

❖ **Bhagat Puran Singh**

**ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥** (ਅੰਗ ੬੪੭)

*The great people convey their preaching on collective basis but that relates to the world for all times.*

History of the world reveals that nations and countries have been facing problems of various kinds from which only the great people saved them. Sikh Gurus too brought awareness to the Indian people and prepared them to be safe from numerous ordeals of the world. We may cite the two from them as follows. One was to check the onslaught of outer invaders and the second one was to get relieved from Mughal rule. About these aggressions, the historian Bhai Parmanand had rightly said that the Indians had reversed the direction of foreign aggressors towards Kabul itself. Within the country, even Aurangzeb had made up his mind to wipe off the Hindu religion. But Guru Tegh Bahadur Ji prepared the countrymen as followers of spiritual strength to face the forces of Aurangzeb. He sacrificed his own self and showed them the path of love and sacrifice. Under such a spirit, all sons of the country got together under directive of the Tenth Master and shattered the roots of Mughal Empire.

Problems of the countries and nations never remain the same. For example, there is no dictatorship at present and neither is there any lack of public opinion in the country because democracy has been established in the country. But there are numberless problems and we find their solution from the life of Sri Guru Tegh Bahadur Ji.

Sri Guru Tegh Bahadur Ji had shown the country not only the path towards independence but he gave guidance in economic, social, educational and religious fields also. And if we do not make the young generation aware of these guidelines, they would think that Sri Guru Tegh Bahadur Ji is no more relevant in these days. Despite this, the youngman of today can turn towards communism under lack of economic guidance from his cultural legacy and thus become alien to his religion. Guru Tegh Bahadur Ji did numerous works for economic betterment of the country and their description would make the youngmen motivated towards Sikhism; they would love their Gurus and feel proud of the Sikh religion. The countries in which communism has come hold this reason only that the followers of Christianity were not educated from this point of view. And here is a question in India also. Whether the necessities for life are being actually produced or not? The people of India have to keep this question ever before them. If they don't follow democratic ways to find solution to the problems, the ways of communism will come up. The people would turn their faces away from democracy. India is such a country wherein the influence of religion has ever been prevalent firmly in their hearts since ancient times. Such a spirit of Indian religion characterizes compassion, contentment and altruism. And if we do not motivate our present generation to work for solving these economic problems, then communism can definitely come to overpower the country. Sri Guru Tegh Bahadur Ji, at first, prepared the people for spiritual strength and then made all other fields flourishing in the country. For economic development of the people, he dug wells in barren areas of the land and set Persian wheels also there. He made living arrangements for the homeless even and managed *langar* – the free kitchen – also for them. He encouraged the people for breeding cows of good breed to bring forth the oxen. He sent cows where there was dearth of milk. He developed the barren lands to make those worthy of cultivation. He helped tree plantation, dug water-tanks and built Gurdwaras and inns for travellers. Sikhs used to offer financial support for all these works. Guru Ji was totally against intoxicants, especially tobacco. People used to listen to his sermons most intently. He tried to mould the wicked people turn towards doing good deeds. Many of them were hard-core bad characters involved in heinous deeds of physical attacks and murders even. They gave up their wicked deeds of way-side robberies and adopted noble ways of making honest earnings through hard work and honesty. May God help us that we may never feel paucity of funds for printing and distribution of such pamphlets! The persons, who wish that these pamphlets may reach maximum people, should send us financial help every month and ask others also to do so.

**Guru Tegh Bahadur Ji, at first, prepared the people for spiritual strength and then made all other fields flourishing in the country. For economic development of the people, he dug wells in barren areas of the land and set Persian wheels also there. He made living arrangements for the homeless even and managed *langar* – the free kitchen – also for them. He encouraged the people for breeding cows of good breed to bring forth the oxen. He sent cows where there was dearth of milk. He developed the barren lands to make those worthy of cultivation. He helped tree plantation, dug water-tanks and build gurdwaras and inns for travelers. Sikhs used to offer financial support for all these works.**

The altruistic works of Sri Guru Tegh Bahadur Ji are the soul and spirit of democratic structure. If there is lack of such people having no concern for doing such works, then there comes such a government that restricts the liberal rights of people to deal with their problems. A communist government comes under pretext of social welfare. Out of the detail of altruistic work of Guru Ji, the most important advice is to plant trees as their felling has been carried out so blindly during the last forty years and many hazards like shortage of wood have come up in the country. If the cutting of trees continued like that, the productive power of the Indian land would decrease to worrisome levels in the next fifteen years and the Indian land would become desert. Billions of people would die due to many diseases as their knowledge would make the people sleepless. In present times, every Sikh is required to spare tithe for preaching of forestation and send us money so that we could send pamphlets with sermons of Sri Guru Tegh Bahadur Ji in Hindi, Punjabi and English and the land of India could be saved from turning into desert.

The forest officers also must know that only those great people feel worried about the land getting barren who are to run free kitchens for the poor and helpless ones. They are not themselves only to partake meals; rather they make a clarion call to ask the hungry one to come and partake meals. Sri Guru Nanak Dev Ji began this tradition to *langar* and he always used to have meals by sitting in a row among others. Despite being the world-Guru, he adopted the vocation of agriculture and he continued the same occupation till his demise at 70. He felt worried about agriculture because he had to continue the tradition of *langar* – free kitchen. He was not to partake meals sitting in a separate room; rather he would herald a loud call to one and all and ask the travelers and helpless ones to get together and sit in a row and partake meals with them. He was not to worry of his own kitchen only but of all the kitchens in the country. So he made his concern with the food producing land. The same path was to be followed by Sri Guru Tegh Bahadur Ji. He gave oxen free of cost to the people. Trees were planted everywhere to cover the upper layer of the land with trees. About seventy five years back, forty percent of Indian land was covered under forests. The same area has decreased to nine percent. In a period of eighty two years, seventy five per cent of the trees have been cut. With such a state of deforestation the fertility of land has suffered to a great extent. Because of deforestation, land of many countries has been reduced to sandy deserts and our country's land is also turning towards being deserts. Thirty three percent of the area needs to be forests on land. Otherwise land of India would turn to desert areas. In the absence of trees, there would be no rains but famines for years also. There would be less production of food crops and people would die untimely because of hunger and starvation. Better it is, we make all furniture items like table, chair, cots or doors of iron. Whatever money one can spare, it must be spent on such works. Do pay to the poor and unemployed ones for plantation of trees. The urban citizens should send monetary help to Pingalwara for plantation of trees. All those under impression of status symbol or those pursing comforts with use of motor cars and scooters, are, in actual, giving rise to many devastations.

Courtesy : *Meditating on the Lord's Name*

✧ ✧ ✧ ✧ ✧

# ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵੱਲੋਂ ਘੱਟਗਿਣਤੀਆਂ ਲਈ ਮੈਡੀਕਲ ਨੀਤੀ 'ਚ ਬਦਲਾਵ





ਡਾ. ਓਮੈਰਿਕ ਮਾਰਗਲਿਤ ਅਤੇ ਡਾ. ਦਿਲਕਰਨਜੋਤ ਸਿੰਘ

ਵਿਸ਼ਵਵਿਆਪੀ ਮਹਾਂਮਾਰੀ ਕੋਵਿਡ-19 ਦੇ ਦੌਰਾਨ ਅਮਰੀਕਾ 'ਚ ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਵੱਲੋਂ ਵੱਖ-ਵੱਖ ਧਾਰਮਿਕ ਅਕੀਦਿਆਂ ਨਾਲ ਸੰਬੰਧਿਤ ਚਿਹਰੇ ਤੇ ਦਾੜ੍ਹੀ-ਮੁੱਛਾਂ ਰੱਖਣ ਵਾਲੇ ਇਸਦੇ ਸ਼ਿਖ਼ਰਲੇ ਦੋ ਡਾਕਟਰਾਂ ਨੂੰ ਵਧੀਆ ਹਿਫਾਜ਼ਤ ਕਰਨ ਵਾਲੇ N-95 ਮਾਸਕ ਪਹਿਨਣ ਦੀ ਹਿਦਾਇਤ ਜਾਰੀ ਕੀਤੀ ਗਈ। ਜਿਸਦੇ ਫਲਸਰੂਪ ਸਿੱਖ ਡਾਕਟਰ ਦਿਲਕਰਨਜੋਤ ਸਿੰਘ ਅਤੇ ਜੀਊਸ਼ ਡਾਕਟਰ ਓਮੈਰਿਕ ਮਾਰਗਲਿਤ ਨੇ ਇਹ ਮਾਸਕ ਪਾ ਕੇ ਮਰੀਜ਼ਾਂ ਨੂੰ ਵੇਖਣਾ ਸ਼ੁਰੂ ਕੀਤਾ। ਇਸ ਤੋਂ ਬਾਅਦ ਯੂਨੀਵਰਸਿਟੀ ਨੇ ਆਪਣੀ ਨੀਤੀ 'ਚ ਬਦਲਾਵ ਕਰਦਿਆਂ ਚਿਹਰੇ ਤੇ ਦਾੜ੍ਹੀ ਰੱਖਣ ਵਾਲੇ ਇਹਨਾਂ ਡਾਕਟਰਾਂ ਨੂੰ N-95 ਮਾਸਕ ਦੀ ਥਾਂ PAPR ਉਪਕਰਨ ਰਾਹੀਂ ਕੰਮ ਕਰਨ ਨੂੰ ਕਿਹਾ ਗਿਆ। PAPR ਦੀ ਮਹਾਂਮਾਰੀ ਦੇ ਇਸ ਸਮੇਂ 'ਚ ਖ਼ਾਸੀ ਮੰਗ ਸੀ ਪਰ ਇਸਦੀ ਵਧੀ ਹੋਈ ਮੰਗ ਦੇ ਅਨੁਰੂਪ ਇਸਦੀ ਪੂਰਤੀ ਨਹੀਂ ਸੀ ਹੋ ਰਹੀ। ਸੋ ਇਹਨਾਂ ਡਾਕਟਰਾਂ ਨੂੰ ਦੋ ਮਹੀਨੇ ਇੰਤਜ਼ਾਰ ਕਰਨ ਲਈ ਕਿਹਾ ਗਿਆ ਜੋ ਕਿ ਇਹਨਾਂ ਡਾਕਟਰਾਂ ਦੀ ਮਨੁੱਖਤਾ ਪ੍ਰਤੀ ਆਪਣੇ ਫ਼ਰਜ਼ਾਂ ਨੂੰ ਨਿਭਾਉਣ ਦੀ ਸੇਵਾ 'ਚ ਅਤੇ ਭਵਿੱਖੀ ਤਰੱਕੀ 'ਚ ਬਹੁਤ ਵੱਡਾ ਅੜਿੱਕਾ ਸਨ ਤੇ ਇਹ ਇਹਨਾਂ ਲਈ ਮੁਸ਼ਕਿਲ ਭਰਿਆ ਸਮਾਂ ਸੀ। ਅਜਿਹੇ ਮੌਕੇ ਡਾ. ਦਿਲਕਰਨਜੋਤ ਸਿੰਘ ਨੇ ਯੂਨਾਇਟਿਡ ਸਿੱਖਸ ਨਾਲ ਸੰਪਰਕ ਕੀਤਾ। ਯੂਨਾਇਟਿਡ ਸਿੱਖਸ ਨੇ ਇਸ ਸੰਬੰਧੀ ਯੂਨੀਵਰਸਿਟੀ ਨਾਲ ਸੰਪਰਕ ਕੀਤਾ ਤੇ ਜ਼ਰੂਰੀ ਸਹਾਇਤਾ ਸੰਬੰਧੀ ਗੱਲਬਾਤ ਕੀਤੀ। ਯੂਨੀਵਰਸਿਟੀ ਆਫ਼ ਵਾਸ਼ਿੰਗਟਨ ਨੇ ਇਸ ਤੇ ਗੌਰ ਕਰਦਿਆਂ ਫਟਾਫਟ ਵਾਧੂ PAPR ਉਪਕਰਨਾਂ ਦੀ ਖ਼ਰੀਦ ਕੀਤੀ ਅਤੇ ਜਲਦ ਹੀ ਇਹਨਾਂ ਦੋਵਾਂ ਡਾਕਟਰਾਂ ਨੂੰ ਸੰਬੰਧਿਤ ਉਪਕਰਨ ਮੁਹੱਈਆ ਕਰਵਾਏ ਗਏ ਜਿਸ ਸਦਕਾ ਉਹਨਾਂ ਮਰੀਜ਼ਾਂ ਪ੍ਰਤੀ ਆਪਣੀਆਂ ਸੇਵਾਵਾਂ ਨੂੰ ਮੁੜ ਚਾਲੂ ਕੀਤਾ। ਡਾ. ਦਿਲਕਰਨਜੋਤ ਸਿੰਘ ਅਤੇ ਡਾ. ਓਮੈਰਿਕ ਮਾਰਗਲਿਤ ਨੇ ਯੂਨਾਇਟਿਡ ਸਿੱਖਸ ਦਾ ਇਸ ਲਈ ਧੰਨਵਾਦ ਕੀਤਾ ਜਿਨ੍ਹਾਂ ਸਦਕਾ ਉਹ ਮਹਾਂਮਾਰੀ ਦੌਰਾਨ ਪੀੜਤਾਂ ਪ੍ਰਤੀ ਆਪਣਾ ਫ਼ਰਜ਼ ਮੁੜ ਨਿਬਾਹ ਸਕੇ। ਯੂਨਾਇਟਿਡ ਸਿੱਖਸ, ਨਾਰਥ ਅਮੈਰੀਕਨ ਸਿੱਖ ਮੈਡੀਕਲ ਐਂਡ ਡੈਂਟਲ ਐਸੋਸੀਏਸ਼ਨ (NASMDA) ਨਾਲ ਕਾਨੂੰਨੀ ਅਤੇ ਇਨਸਾਨੀ ਪੱਧਰ ਤੇ ਕਿਸੇ ਘੱਟਗਿਣਤੀ ਫਿਰਕੇ ਦੇ ਸਿਹਤ ਕਾਮਿਆਂ ਨਾਲ ਸੰਬੰਧਤ ਕਿਸੇ ਵੀ ਤਰ੍ਹਾਂ ਦੀ ਮੁਸ਼ਕਿਲ ਨੂੰ ਹਲ ਕਰਨ ਲਈ ਮਿਲ ਕੇ ਕੰਮ ਕਰ ਰਹੀਆਂ ਸੰਸਥਾਵਾਂ ਹਨ ਜਿਸ ਦਾ ਉਦੇਸ਼ ਘੱਟਗਿਣਤੀ ਫਿਰਕਿਆਂ ਪ੍ਰਤੀ ਹਰ ਤਰ੍ਹਾਂ ਦੀ ਮਦਦ ਲਈ ਤਿਆਰ ਰਹਿਣਾ ਹੈ।

# ਫਿਜ਼ੀ ਵਿਚ ਵੱਸਦੇ ਸਿੱਖਾਂ ਦਾ ਮੁਲਕ ਪ੍ਰਤੀ ਯੋਗਦਾਨ ਅਤੇ ਪ੍ਰਾਪਤੀਆਂ




ਫਿਜ਼ੀ ਨਾਲ ਸਿੱਖਾਂ ਦਾ ਸੰਬੰਧ ਸੰਨ 1880 ਤੋਂ ਬਣਦਾ ਹੈ। ਪਹਿਲੇ ਵਿਸ਼ਵ ਯੁੱਧ ਸਮੇਂ ਅਗਰੇਜ਼ਾਂ ਵੱਲੋਂ ਸਿੱਖ ਫ਼ੌਜ ਇੱਥੇ ਤਾਇਨਾਤ ਕੀਤੀ ਗਈ। ਮਗਰੋਂ ਕਈ ਸਿੱਖ ਜੋ ਇਸ ਦੇਸ਼ ਦਾ ਦੌਰਾ ਕਰਨ ਆਏ ਤੇ ਫਿਰ ਇੱਥੇ ਹੀ ਵੱਸ ਗਏ। ਕਈ ਸਿੱਖ ਅਧਿਆਪਕ ਤੇ ਪ੍ਰਚਾਰਕ ਵਜੋਂ ਵੀ ਆਏ ਪਰ ਪਿਛੋਂ ਕਈ ਅੱਗੇ ਅਮਰੀਕਾ, ਕੈਨੇਡਾ ਤੇ ਨਿਊਜ਼ੀਲੈਂਡ ਆਦਿ ਦੇਸ਼ਾਂ ਵਿਚ ਚਲੇ ਗਏ। 1960-70 ਵਿਚ ਫਿਜ਼ੀ 'ਚ ਸਿੱਖਾਂ ਦੀ ਆਬਾਦੀ 10,000 ਸੀ ਜੋ ਹੁਣ ਅੱਗੇ ਪਲਾਇਣ ਕਰ ਜਾਣ ਕਰਕੇ 4000 ਹੈ। ਮੁੱਖ ਰੂਪ 'ਚ ਫਿਜ਼ੀ ਇਕ ਟਾਪੂ ਹੈ। ਪਹਿਲੀ ਵਿਸ਼ਵ ਜੰਗ ਸਮੇਂ ਸ. ਫੁੰਮਣ ਸਿੰਘ ਵੱਲੋਂ ਇਸ ਦੇਸ਼ ਨੂੰ ਬਚਾਉਣ 'ਚ ਵੱਡੀ ਭੂਮਿਕਾ ਅਦਾ ਕੀਤੀ ਗਈ। ਉਹਨਾਂ ਰਾਹੀਂ ਨਿਭਾਈ ਗਈ ਜ਼ੋਰਦਾਰ ਭੂਮਿਕਾ ਤੋਂ ਪ੍ਰਭਾਵਿਤ ਹੋ ਫਿਜ਼ੀ ਸਰਕਾਰ ਨੇ ਉਹਨਾਂ ਨੂੰ ਜਸਟਿਸ ਆਫ਼ ਪੀਸ ਦਾ ਪ੍ਰਮੁੱਖ ਮੈਂਬਰ ਬਣਾਇਆ। ਸਿੱਖਾਂ ਨੇ ਇਸ ਦੇਸ਼ ਦੀ ਆਰਥਿਕਤਾ ਨੂੰ ਖੇਤੀਬਾੜੀ ਰਾਹੀਂ ਹੁਲਾਰਾ ਦਿੱਤਾ। ਸੁਰੱਖਿਆ, ਖੇਤੀ, ਵਪਾਰ ਆਦਿ ਪੱਖਾਂ ਤੋਂ ਸਿੱਖਾਂ ਨੇ ਇਸ ਦੇਸ਼ ਦੀ ਖ਼ੁਸ਼ਹਾਲੀ 'ਚ ਉੱਘਾ ਯੋਗਦਾਨ ਪਾਇਆ। ਫਿਜ਼ੀ ਸਰਕਾਰ ਨੇ ਵੀ ਸਿੱਖਾਂ ਵੱਲੋਂ ਦੇਸ਼ ਦੇ ਬਹੁਵਿਧ ਖੇਤਰਾਂ 'ਚ ਪਾਏ ਯੋਗਦਾਨ ਦੇ ਤਹਿਤ ਆਪਣੇ ਦੋ ਡਾਲਰ ਦੇ ਕਰੰਸੀ ਨੋਟ ਤੇ ਸਿੱਖ-ਸਰਦਾਰ ਦੀ ਫ਼ੋਟੋ ਨੂੰ ਸ਼ਾਮਿਲ ਕੀਤਾ। ਦੇਸ਼ 'ਚ ਅਹਿਮ ਸਥਾਨ ਹਾਸਲ ਕਰਨ ਵਾਲੇ ਕੁਝ ਸਿੱਖ ਸ਼ਖ਼ਸੀਅਤਾਂ ਦੇ ਨਾਂ ਹਨ: ਸ. ਉਜਾਗਰ ਸਿੰਘ (ਵਿਧਾਨ ਸਭਾ ਮੈਂਬਰ), ਸ. ਸਰਵਣ ਸਿੰਘ (1972 ਤੋਂ 1979 ਤਕ ਸੰਸਦ ਮੈਂਬਰ), ਸ. ਵਤਨ ਸਿੰਘ (ਫਿਜ਼ੀ ਸੈਨਟ ਵਰਗ ਦੇ ਮੈਂਬਰ), ਸ. ਮਿਹਰ ਸਿੰਘ (1937 ਤੋਂ 1944 ਤਕ ਕਿਸਾਨ ਯੂਨੀਅਨ ਦੇ ਉਪ-ਪ੍ਰਧਾਨ) ਰਹੇ। ਇਸ ਤੋਂ ਇਲਾਵਾ ਗੁਰਮੀਤ ਸਿੰਘ, ਜੋਗਿੰਦਰ ਸਿੰਘ, ਗਿਆਨ ਸਿੰਘ ਆਦਿ ਸਿੱਖ ਉੱਚ-ਅਧਿਕਾਰੀ ਵਜੋਂ ਇਸ ਦੇਸ਼ 'ਚ ਸੇਵਾਵਾਂ ਦਿੰਦੇ ਰਹੇ। ਕਾਰੋਬਾਰ ਅਤੇ ਖੇਤੀ ਪੱਖੋਂ ਬੜੇ ਮਾਲਦਾਰ ਸਿੱਖ ਇੱਥੇ ਵੱਸਦੇ ਹਨ। ਸਿੱਖਾਂ ਨੇ ਇੱਥੇ ਖਾਲਸਾ ਸਕੂਲ, ਕਾਲਜ ਤੋਂ ਇਲਾਵਾ ਪੰਜ ਸ਼ਾਨਦਾਰ ਗੁਰਦੁਆਰਿਆਂ ਦੀ ਉਸਾਰੀ ਵੀ ਕੀਤੀ। ਫਿਜ਼ੀ ਨੂੰ ਖ਼ੁਸ਼ਹਾਲ ਬਣਾਉਣ 'ਚ ਤੇ ਇਸਦੀ ਹੋਂਦ ਨੂੰ ਕਾਇਮ ਰੱਖਣ 'ਚ ਸਿੱਖਾਂ ਨੇ ਉੱਘਾ ਯੋਗਦਾਨ ਪਾਇਆ ਹੈ ਜਿਸ ਨੂੰ ਇੱਥੋਂ ਦੀ ਸਰਕਾਰ ਨੇ ਸਲਾਹਿਆ ਵੀ ਹੈ ਤੇ ਇਸ ਦਾ ਮੁੱਲ ਵੀ ਪਾਇਆ ਹੈ। ✧✧

# ਖਾਲਸਾ ਸਮਾਚਾਰ ੧੦੦ ਸਾਲ ਪਹਿਲਾਂ

**ਹਫ਼ਤਾਵਾਰ ਪੰਜਾਬੀ ਪਰਚਾ**

**5 ਅਗਸਤ, 1920**

## ਅੰਮ੍ਰਤ ਪ੍ਰਚਾਰ

ਚੀਫ ਖਾਲਸਾ ਦੀਵਾਨ ਦੇ ਪ੍ਰਬੰਧ ਵਿਚ ਮੁਗਲ ਪੁਰੇ ਜੁਰਾਇਮ ਪੇਸ਼ਾ ਕੌਮਾਂ ਦੀ ਇਕ ਵਸਤੀ ਹੈ ਸੋ ਇਸ ਸੈਟਲਮੈਂਟ ਵਿਚ 15 ਜੁਲਾਈ ਵਾਲੇ ਦਿਨ ਅੰਮ੍ਰਤ ਪ੍ਰਚਾਰ ਹੋਇਆ, ਜਿਸ ਵਿਚ 114 ਆਦਮੀਆਂ ਨੂੰ ਅੰਮ੍ਰਤ ਛਕਾ ਅਭੇਦ ਕੀਤਾ ਗਿਆ। ਇਹ ਜੁਰਾਇਮ ਪੇਸ਼ਾ ਕੌਮਾਂ ਵਿਚੋਂ ਸੁਧਾਰ ਲਈ ਮਿਲੇ ਹੋਏ ਸਨ, 181 ਆਦਮੀ ਇਹਨਾਂ ਵਿਚੋਂ ਇਸਤੋਂ ਪਹਿਲਾਂ ਅਭੇਦ ਹੋ ਚੁਕੇ ਹਨ।

## ਪੰਜਾਬ ਸਿੰਧ ਬੈਂਕ

ਅਜ ਦੇ ਪਰਚੇ ਦੇ ਅਖੀਰਲੇ ਸਫੇ ਤੇ ਪੰਜਾਬ ਸਿੰਧ ਬੈਂਕ ਦਾ ਚਿਠਾ ਹੈ, ਇਸਤੋਂ ਪਤਾ ਲਗਦਾ ਹੈ ਕਿ ਹੁਣ ਰੀਜ਼ਰਵ ਫੰਡ 410000) ਹੋ ਗਈ ਤੇ ਹਿਸੇਦਾਰਾਂ ਨੂੰ ਵੰਡ 9) ਸਦੀ ਦੇ ਹਿਸਾਬ ਕਰ ਦਿਤੀ ਰਈ ਹੈ। ਇਹ ਗੱਲਾਂ ਬੈਂਕ ਦੀ ਨਿੱਗਰ ਤੇ ਪੱਕੀ ਤ੍ਰਕੀ ਦੀ ਸਾਖ ਭਰ ਰਹੀਆਂ ਹਨ। ਇਸ ਕਾਮਯਾਬੀ ਤੇ ਵਧਾਈ ਹੋਵੇ।

## ਮਿਸਟ੍ਰ ਤਿਲਕ ਜੀ ਦਾ ਚਲਾਣਾ

ਹਿੰਦ ਦੇ ਪ੍ਰਸਿਧ ਪੁਲੀਟੀਕਲ ਲੀਡਰ ਮਿਸਟਰ ਤਿਲਕ ਇਸ ਅਸਾਰ ਸੰਸਾਰ ਤੋਂ ਚਲਾਣਾ ਕਰ ਗਏ, ਆਪ ਬੜੇ ਵਿਦਵਾਨ ਤੇ ਦੇਸ਼ ਭਗਤ ਸਨ, ਆਪਦਾ ਕੀਤਾ **ਗੀਤਾ** ਦਾ ਟੀਕਾ ਬੜਾ ਪਸੰਦ ਕੀਤਾ ਜਾਂਦਾ ਹੈ, ਆਪਦੀ ਅਰਥੀ ਨਾਲ 1 ਲੱਖ ਆਦਮੀ ਦਾ ਜਲੂਸ ਨਿਕਲਜਾ, ਲਗਪਗ ਸਾਰੇ ਪੋਲੀਟੀਕਲ ਲੀਡਰ ਦਾਹ ਕਰਮ ਦੇ ਅੰਤ ਤੱਕ ਪਾਸ ਰਹੇ, ਸਾਰੇ ਸ਼ੈਹਰਾਂ ਵਿਚ ਆਪ ਦੇ ਚਲਾਣੇ ਤੇ ਸ਼ੋਕ ਦੇ ਜਲਸੇ ਹੋ ਰਹੇ ਹਨ।

## ਲਾਇਲ ਪੁਰ

(1) ਪਾਸ ਹੋਇਆ ਕਿ ਜੋ ਤਾਰੀਫ ਸਿੱਖ ਦੀ ਸਰਕਾਰ ਨੇ ਕੀਤੀ ਹੈ ਉਹ ਅਧੂਰੀ ਹੈ। ਹੇਠ ਲਿਖੀ ਤਾਰੀਫ ਸਿੱਖ ਦੀ ਹੋਣੀ ਚਾਹੀਦੀ ਹੈ " ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਹਾਜ਼ਰ ਨਾਜ਼ਰ ਸਮਝਕੇ ਆਖਦਾ ਹਾਂ ਕਿ ਮੈਂ ਕੇਸਾਧਾਰੀ ਤਿਆਰ ਬਰ ਤਿਆਰ ਸਿਖ ਹਾਂ, ਮੈਂ ਖੰਡੇ ਦਾ ਅੰਮ੍ਰਤ ਛਕਿਆ ਹੋਇਆ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਦਸਾਂ ਗੁਰੂਆਂ ਤੇ ਮੇਰਾ ਪੂਰਾ ਭਰੋਸਾ ਹੈ, ਮੇਰਾ ਹੋਰ ਕੋਈ ਮਜ਼ਹਬ ਨਹੀਂ।

(2) ਪਾਸ ਹੋਇਆ ਕਿ ਇਸ ਗੁਰਮਤੇ ਦੀ ਨਕਲ ਸ੍ਰੀ ਹਜ਼ੂਰ ਵਾਈਸਰਾਇ ਸਾਹਬ ਜੀ (ਹਿੰਦ), ਸ੍ਰੀ ਹਜ਼ੂਰ ਲਾਟ ਸਾਹਬ ਬਹਾਦਰ (ਪੰਜਾਬ) ਜੀ ਦੀ ਸੇਵਾ ਅਤੇ ਅਖਬਾਰਾਂ ਵਿਚ ਪ੍ਰਕਾਸ਼ਤ ਹੋਣ ਲਈ ਭੇਜੀ ਜਾਏ।

ਦਾਸ— ਸਵਾਇਆ ਸਿੰਘ<br>
ਸਕੱਤ੍ਰ ਸ੍ਰੀ ਗੁਰੂ ਸਿੰਘ ਸਭਾ, ਲਾਇਲ ਪੁਰ

## ਸਪਤਾਹਕ ਦੀਵਾਨ

ਇਹ ਸਮਾਚਾਰ ਅਤੀ ਹੀ ਖੁਸ਼ੀ ਪ੍ਰਗਟ ਕਰੇਗਾ ਕਿ ਗੁਰਦਵਾਰਾ ਚੰਗੂਨ ਮੁਲਖ ਬਰਮਾ ਵਿਚ ਸ੍ਰੀਮਾਨ ਭਾਈ ਨਰੈਣ ਸਿੰਘ ਜੀ ਗ੍ਰੰਥੀ ਜੋ ਰਾਗ ਵਿਦਜਾ ਦੇ ਬੀ ਚੰਗੀ ਤਰ੍ਹਾਂ ਜਾਣੂੰ ਹਨ, ਦੀ ਹਿੰਮਤ ਨਾਲ ਅਤੇ ਬਾਬੂ ਮਾਲਕ ਰਾਮ ਜੀ ਜੋ ਕਿ ਇੱਕ ਸੈਹਜਧਾਰੀ ਗੁਰੂ ਘਰ ਦੇ ਸੇਵਕ ਹਨ, ਤੇ ਭਾਈ ਮਤਾਬ ਸਿੰਘ ਜੀ, ਭਾਈ ਸੇਵਾ ਸਿੰਘ ਜੀ ਤੇ ਹੋਰ ਕਈ ਇੱਕ ਸਿੰਘਾਂ ਦੀ ਪ੍ਰੇਰਨਾ ਨਾਲ ਸਪਤਾਹਕ ਦੀਵਾਨ ਕਾਇਮ ਹੋ ਗਿਆ ਹੈ ਜਿਸਨੂੰ ਕਰੀਬਨ ਦੋ ਮਹੀਨੇ ਹੋ ਗਏ ਹਨ, ਇਸ ਦੀਵਾਨ ਵਿਚ ਸੰਗਤਾਂ ਦੀ ਐਤਨੀ ਇਕੱਤ੍ਰਤਾ ਹੋਣ ਲੱਗ ਪਈ ਹੈ ਕਿ ਗੁਰਦੁਆਰੇ ਦੇ ਬੜੇ ਹਾਲ ਵਿੱਚ ਜਗ੍ਹਾ ਨਹੀਂ ਰੈਂਹਦੀ।

ਖਾਲਸਾ ਜੀ ਦਾ ਦਾਸ—<br>
ਰੰਗਾ ਸਿੰਘ ਜੇਲਰ ਸੰਟਰਲ

## ਪ੍ਰਬੰਧ ਹੋ ਗਿਆ

ਸ੍ਰਬਤ ਖਾਲਸੇ ਜੀ ਲਈ ਵਿੱਦਤ ਹੋਏ ਜੋ ਟਾਪੂ ਨਿਵਾਸੀ ਖਾਲਸਾ ਦੀ ਸੰਮਤੀ ਨਾਲ ਖਾਲਸਾ ਦੀਵਾਨ ਹਾਂਗ ਕਾਂਗ ਤੇ ਖਾਲਸਾ ਦੀਵਾਨ ਸ਼ੰਘਾਈ ਨੇ ਕਲਕੱਤੇ ਵਿਚ ਆਉਣ ਤੇ ਜਾਣ ਵਾਲੇ ਮੁਸਾਫਰਾਂ ਦੇ ਸੁਖ ਵਾਸਤੇ ਅਸਟੇਸ਼ਨ ਦੇ ਨੇੜੇ ਟ੍ਰੇਮਵੇ ਗੱਡੀ ਦੀ ਲਾਇਨ ਤੇ ਡਬਸ਼ਨ ਰੋਡ ਕੋਠੀ ਨੰ: 30 ਭਾੜੇ ਤੋਂ ਲੈ 1 ਸਉਣ ਮੁਤਾਬਕ 15 ਜੁਲਾਈ ਗੁਰਦਵਾਰਾ ਸਾਹਿਬ ਖੋਲ੍ਹਜਾ ਹੈ ਜਿੱਥੇ ਹਰ ਇਕ ਸਿੱਖ ਮੁਸਾਫਰ ਦੀਵਾਨ ਦੇ ਨਿਯਮਾਂ ਅਨੁਸਾਰ ਰਹਿ ਸਕਦਾ ਹੈ ਹਰ ਇਕ ਸਿੱਖ ਭਾਈ ਨੂੰ ਇਸ ਦੀਵਾਨ ਦੀ ਉਨਤੀ ਵਾਸਤੇ ਮਦਦ ਕਰਨੀ ਚਾਹੀਦੀ ਹੈ।

ਦਾਸ 18-7-20 ਨੂੰ ਹਾਵੜੇ ਪੁਜਾ ਤੇ ਰੇਲੋਂ ਉਤਰਦਿਆਂ ਹੀ ਨੂੰ ਭਾਈ ਅਜਮੇਰ ਸਿੰਘ ਜੀ ਮੈਨੇਜਰ ਮਿਲੇ ਜੋ ਖੇਚਲ ਕਰਕੇ ਗੱਡੀ ਆਦਿ ਲੈ ਸਾਨੂੰ ਨਵੇਂ ਗੁਰਦਵਾਰੇ ਲੈ ਆਏ, ਦੇਖਦੇ ਚਿੱਤ ਅਨੰਦ ਹੋ ਗਿਆ, ਇਹ ਮਕਾਨ ਹੈ ਤਾਂ ਛੋਟਾ ਜਿਹਾ ਪਰ ਫੇਰ ਭੀ ਅੱਜ 4 ਦਿਨ ਦੇ ਅੰਦਰ 100 ਦੇ ਕਰੀਬ ਆਦਮੀ ਆਰਾਮ ਪਾ ਰਹੇ ਹਨ, ਇਸ ਅਸਥਾਨ ਦਾ ਲਾਭ ਸਿੱਖਾਂ ਵਾਸਤੇ ਅਤੀ ਜ਼ਿਆਦਾ ਹੈ ਕਲਕਤੇ ਨਿਵਾਸੀਆਂ ਦੇ ਦਿਲਾਂ ਤੇ ਇਸ ਆਸ਼੍ਰਮ ਦਾ ਵੱਡਾ ਅੱਛਾ ਅਸਰ ਹੋਯਾ ਹੈ। ਭਾਈ ਸਾਹਿਬ ਦਾ ਵਰਤਾਉ ਕਲਕੱਤੇ ਵਿਚ ਤੇ ਮੁਸਾਫਰਾਂ ਨਾਲ ਸ਼ਲਾਘਾ ਜੋਗ ਹੈ। ਮਾਸਟਰ ਬਿਸ਼ਨ ਸਿੰਘ ਹਾਂਗ ਕਾਂਗ

ਦਾਸ— ਅਜਮੇਰ ਸਿੰਘ,<br>
ਮੈਨੇਜਰ ਟਾਪੂ ਨਿਵਾਸੀ ਖਾਲਸਾ ਦੀਵਾਨ, ਕਲਕੱਤਾ

੧ੴ

ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼

{ਗੁਰੂ ਗ੍ਰੰਥ ਸਾਹਿਬ ਅੰਗ-੫੬੧, ਸੰਥਿਆ ਸ੍ਰੀ ਗੁਰੂ ਗ੍ਰੰਥ ਸਾਹਿਬ, ਅੰਗ-੩੪੬੯}

ਮੂਲ

ਵਡਹੰਸੁ ਮਹਲਾ ੪, ਘਰੁ ੨ ੧ੴ ਸਤਿਗੁਰ ਪ੍ਰਸਾਦਿ॥

ਅਰਥ

ਮੈ ਮਨਿ ਵਡੀ ਆਸ ਹਰੇ ਕਿਉ ਕਰਿ ਹਰਿ ਦਰਸਨੁ ਪਾਵਾ॥ ਹਉ ਜਾਇ ਪੁਛਾ ਅਪਨੇ ਸਤਿਗੁਰੈ ਗੁਰ ਪੁਛਿ ਮਨੁ ਮੁਗਧੁ ਸਮਝਾਵਾ॥ ਭੂਲਾ ਮਨੁ ਸਮਝੈ ਗੁਰ ਸਬਦੀ ਹਰਿ ਹਰਿ ਸਦਾ ਧਿਆਏ॥ ਨਾਨਕ ਜਿਸੁ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਚਰਣੀ ਚਿਤੁ ਲਾਏ॥੧॥

ਹੇ ਹਰੇ! ਮੇਰੇ ਮਨ ਵਿਚ ਬੜੀ ਇੱਛਾ ਲਗ ਰਹੀ ਹੈ ਕਿ ਮੈਂ ਹਰੀ ਦਾ ਦਰਸ਼ਨ ਕਿਵੇਂ ਪ੍ਰਾਪਤ ਕਰਾਂ? ਮੈਂ ਆਪਣੇ ਸਤਿਗੁਰੂ ਨੂੰ ਜਾ ਕੇ ਪੁੱਛਾਂ, (ਹਾਂ) ਗੁਰੂ ਨੂੰ ਪੁਛਕੇ (ਆਪਣੇ) ਮੂਰਖ ਮਨ ਨੂੰ ਸਮਝਾਵਾਂ, (ਕਿਉਂਕਿ ਗੁਰਮੁਖ ਲੋਕ ਦੱਸਦੇ ਹਨ ਕਿ) ਭੁੱਲਾ ਹੋਇਆ ਮਨ ਗੁਰੂ ਦੇ ਉਪਦੇਸ਼ ਦੁਆਰਾ ਸਮਝਦਾ ਹੈ, ਫਿਰ ਹਰੀ ਹਰਿ ਨੂੰ ਸਦਾ ਧਿਆਉਂਦਾ ਹੈ। (ਹਾਂ), ਜਿਸ ਉੱਤੇ ਮੇਰਾ ਪਿਆਰਾ (ਗੁਰੂ) ਮੇਹਰ ਦ੍ਰਿਸ਼ਟੀ ਪਾ ਦੇਂਦਾ ਹੈ, ਹੇ ਨਾਨਕ! ਉਹ ਹਰੀ ਦੇ ਚਰਨਾਂ ਵਿਚ ਚਿਤ ਲਾ ਲੈਂਦਾ ਹੈ॥੧॥

ਹਉ ਸਭਿ ਵੇਸ ਕਰੀ ਪਿਰ ਕਾਰਣਿ ਜੇ ਹਰਿ ਪ੍ਰਭ ਸਾਚੇ ਭਾਵਾ॥ ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ॥ ਜਿਸੁ ਕਾਰਣਿ ਹਉ ਸੀਗਾਰੁ ਸੀਗਾਰੀ ਸੋ ਪਿਰੁ ਰਤਾ ਮੇਰਾ ਅਵਰਾ॥ ਨਾਨਕ ਧਨੁ ਧੰਨੁ ਧੰਨੁ ਸੁਹਾਗਣਿ ਜਿਨਿ ਪਿਰੁ ਰਾਵਿਅੜਾ ਸਚੁ ਸਵਰਾ॥੨॥

ਮੈਂ (ਆਪਣੇ) ਪਤੀ (ਪਰਮੇਸ਼ੁਰ ਨੂੰ ਖ਼ੁਸ਼ ਕਰਨ) ਵਾਸਤੇ ਹਰ ਤਰ੍ਹਾਂ ਦੇ ਸ਼ਿੰਗਾਰ ਕਰਦੀ ਹਾਂ ਜੋ (ਕਿਵੇਂ) ਸੱਚੇ ਹਰੀ ਪ੍ਰਭੂ ਨੂੰ ਭਾ ਜਾਵਾਂ, (ਪਰ) ਉਹ ਪਿਆਰਾ ਪਤੀ ਮੇਰੀ ਵਲ ਨਜ਼ਰ ਭਰਕੇ ਤੱਕਦਾ ਬੀ ਨਹੀਂ, (ਦੱਸੋ) ਮੈਂ ਕਿਵੇਂ ਧੀਰਜ ਪਾਵਾਂ? ਜਿਸ (ਪਤੀ) ਦੀ ਖ਼ਾਤਰ ਮੈਂ (ਏਡੇ) ਸ਼ਿੰਗਾਰ ਲਗਾਉਂਦੀ ਹਾਂ, ਉਹ ਮੇਰਾ ਪਤੀ ਹੋਰਨਾਂ (ਪਿਆਰੀਆਂ) ਦੇ ਪਿਆਰ ਵਿਚ ਲੱਗ ਰਿਹਾ ਹੈ; (ਮੈਨੂੰ ਉਨ੍ਹਾਂ ਸੁਹਾਗਣਾਂ ਨਾਲ ਕੋਈ ਈਰਖਾ ਨਹੀਂ) ਓਹ ਸੁਹਾਗਣਾਂ ਧੰਨ ਹਨ, ਧੰਨ ਹਨ, ਧੰਨ ਹਨ, ਜਿਨ੍ਹਾਂ ਨੇ, ਹੇ ਨਾਨਕ! ਉਸ ਸੱਚੇ ਤੇ ਸ੍ਰੇਸ਼ਟ ਪਤੀ ਦਾ ਪਿਆਰ ਮਾਣਿਆ ਹੈ॥੨॥

ਹਉ ਜਾਇ ਪੁਛਾ ਸੋਹਾਗ ਸੁਹਾਗਣਿ ਤੁਸੀ ਕਿਉ ਪਿਰੁ ਪਾਇਅੜਾ ਪ੍ਰਭੁ ਮੇਰਾ॥ ਮੈ ਊਪਰਿ ਨਦਰਿ ਕਰੀ ਪਿਰਿ ਸਾਚੈ ਮੈ ਛੋਡਿਅੜਾ ਮੇਰਾ ਤੇਰਾ॥ ਸਭੁ ਮਨੁ ਤਨੁ ਜੀਉ ਕਰਹੁ ਹਰਿ ਪ੍ਰਭ ਕਾ ਇਤੁ ਮਾਰਗਿ ਭੈਣੇ ਮਿਲੀਐ॥ ਆਪਨੜਾ ਪ੍ਰਭੁ ਨਦਰਿ ਕਰਿ ਦੇਖੈ ਨਾਨਕ ਜੋਤਿ ਜੋਤੀ ਰਲੀਐ॥੩॥

ਹੁਣ ਮੈਂ ਸੁਭਾਗ ਸੁਹਾਗਣਾਂ ਨੂੰ ਜਾ ਕੇ ਪੁਛਿਆ (ਕਿ) ਤੁਸਾਂ ਨੇ ਮੇਰਾ ਪਤੀ ਪ੍ਰਭੂ ਕਿਵੇਂ ਪਾ ਲਿਆ ਹੈ? (ਤਾਂ ਉਨ੍ਹਾਂ ਵਿੱਚੋਂ ਇਕ ਨੇ ਉੱਤਰ ਦਿੱਤਾ:) ਮੈਂ 'ਮੇਰਾ ਤੇਰਾ' ਛਡ ਦਿੱਤਾ, ਮੇਰੇ ਉਤੇ ਸੱਚੇ ਪਤੀ ਨੇ ਮੇਹਰ ਦ੍ਰਿਸ਼ਟੀ ਪਾ ਦਿੱਤੀ; (ਤਾਂਤੇ ਤੂੰ ਬੀ ਹੇ ਭੈਣ!) ਸਭ ਮਨ ਤਨ ਤੇ ਜੀਉ ਹਰੀ ਪ੍ਰਭ ਦਾ ਕਰ ਦੇਹ, ਇਸ ਰਸਤੇ ਭੈਣੇ! (ਉਸ ਨੂੰ) ਮਿਲ ਪਈਦਾ ਹੈ। ਆਪਣਾ ਪ੍ਰਭੂ ਮੇਹਰ ਦ੍ਰਿਸ਼ਟੀ ਨਾਲ ਦੇਖੇ ਤਾਂ ਉਸ ਜੋਤੀ ਸਰੂਪ ਵਿਚ ਜੋਤਿ ਹੋ ਕੇ ਰਲ ਜਾਈਦਾ ਹੈ (ਕਹਿੰਦੇ ਹਨ ਗੁਰੂ) ਨਾਨਕ (ਦੇਵ ਜੀ)॥੩॥

ਜੋ ਹਰਿ ਪ੍ਰਭ ਕਾ ਮੈ ਦੇਇ ਸਨੇਹਾ ਤਿਸੁ ਮਨੁ ਤਨੁ ਅਪਣਾ ਦੇਵਾ॥ ਨਿਤ ਪਖਾ ਫੇਰੀ ਸੇਵ ਕਮਾਵਾ ਤਿਸੁ ਆਗੈ ਪਾਣੀ ਢੋਵਾਂ॥ ਨਿਤ ਨਿਤ ਸੇਵ ਕਰੀ ਹਰਿ ਜਨ ਕੀ ਜੋ ਹਰਿ ਹਰਿ ਕਥਾ ਸੁਣਾਏ॥ ਧਨੁ ਧੰਨੁ ਗੁਰੂ ਗੁਰ ਸਤਿਗੁਰੁ ਪੂਰਾ ਨਾਨਕ ਮਨਿ ਆਸ ਪੁਜਾਏ॥੪॥

(ਸੋ ਮੈਂ ਨਿਸਚੇ ਕਰ ਲਿਆ ਹੈ ਕਿ) ਜੋ ਮੈਨੂੰ ਹਰੀ ਪ੍ਰਭੂ ਦਾ ਸੁਨੇਹਾ (=ਨਾਮ, ਧਿਆਨ, ਗਿਆਨ) ਦੇਵੇ ਉਸ ਨੂੰ (ਮੈਂ) ਆਪਣਾ ਮਨ ਤਨ ਦੇ ਦਿਆਂਗਾ, (ਭਾਵ ਨਿੰਮ੍ਰ ਹੋ ਕੇ ਸੇਵਾ ਕਰਾਂਗਾ)। ਉਸ ਅਗੇ ਪਾਣੀ ਢੋਵਾਂਗਾ, ਪੱਖਾ ਝੁਲਾਵਾਂਗਾ, (ਗੱਲ ਕੀ) ਸਦਾ ਸੇਵਾ ਕਰਾਂਗਾ; (ਹਾਂ ਮੈਂ) ਸਦਾ-ਸਦਾ ਹਰੀ ਜਨ ਦੀ ਸੇਵਾ ਕਰਾਂਗਾ ਜੋ ਹਰੀ ਹਰਿ ਦੀ ਕਥਾ ਸੁਣਾਵੇਗਾ, (ਭਾਵ ਹਰੀ ਦੇ ਗੁਣ ਕਥਨ ਕਰੇਗਾ। ਐਸਾ ਹਰੀ ਜਨ ਮੇਰਾ) ਗੁਰੂ ਹੈ, ਪੂਰਾ ਸਤਿਗੁਰੂ ਹੈ, ਉਹ (ਸਤਿ) ਗੁਰੂ ਧੰਨ ਹੈ, ਧੰਨ ਹੈ, ਹੇ ਨਾਨਕ! ਜੋ (ਮੇਰੇ) ਮਨ ਵਿਚ ਦੀ ਆਸ ਪੁਗਾ ਦੇਂਦਾ ਹੈ॥੪॥

ਗੁਰੁ ਸਜਣੁ ਮੇਰਾ ਮੇਲਿ ਹਰੇ ਜਿਤੁ ਮਿਲਿ ਹਰਿ ਨਾਮੁ ਧਿਆਵਾ॥ ਗੁਰ ਸਤਿਗੁਰ ਪਾਸਹੁ ਹਰਿ ਗੋਸਟਿ ਪੂਛਾਂ ਕਰਿ ਸਾਂਝੀ ਹਰਿ ਗੁਣ ਗਾਵਾਂ॥ ਗੁਣ ਗਾਵਾ ਨਿਤ ਨਿਤ ਸਦ ਹਰਿ ਕੇ ਮਨੁ ਜੀਵੈ ਨਾਮੁ ਸੁਣਿ ਤੇਰਾ॥ ਨਾਨਕ ਜਿਤੁ ਵੇਲਾ ਵਿਸਰੈ ਮੇਰਾ ਸੁਆਮੀ ਤਿਤੁ ਵੇਲੈ ਮਰਿ ਜਾਇ ਜੀਉ ਮੇਰਾ॥੫॥

(ਹੁਣ ਪ੍ਰਭੂ ਅੱਗੇ ਅਰਦਾਸ ਕਰਦੇ ਹਨ:) ਹੇ ਹਰੀ! ਮੇਰਾ ਸਜਣ ਗੁਰੂ (ਮੈਨੂੰ) ਮੇਲ, ਜਿਸ ਨੂੰ ਮਿਲ ਕੇ (ਮੈਂ) ਹਰੀ ਦਾ ਨਾਮ ਧਿਆਵਾਂ; (ਤਾਂ ਜੋ ਉਸ) ਗੁਰੂ ਸਤਿਗੁਰੂ ਤੋਂ (ਹੇ) ਹਰੀ! (ਤੁਧੇ) ਦੀਆਂ ਗੱਲਾਂ ਪੁੱਛਾਂ (ਤੇ ਫੇਰ ਉਸ ਗਲ) ਨਾਲ ਭਿਆਲੀ ਪਾਕੇ ਹਰੀ ਦੇ ਗੁਣ ਗਾਵਾਂ। (ਹਾਂ, ਤੈਂ) ਹਰੀ ਦੇ ਗੁਣ ਸਦਾ ਸਦਾ ਤੇ ਨਿਤ (ਹੀ) ਗਾਵਾਂ, (ਐਥੋਂ ਤਾਈਂ ਕਿ) ਤੇਰਾ ਨਾਮ ਸੁਣ ਸੁਣਕੇ ਹੀ ਮੇਰਾ ਮਨ ਜੀਉਂਦਾ ਰਹੇ। (ਹਾਂ, ਐਤਨੀ ਲਿਵ ਲੱਗੇ ਕਿ) ਜਿਸ ਵੇਲੇ (ਮੈਨੂੰ) ਮੇਰਾ ਸੁਆਮੀ ਭੁੱਲ ਜਾਵੇ, ਹੇ ਨਾਨਕ! ਉਸ ਵੇਲੇ ਮੇਰਾ ਜੀਉ (ਹੀ) ਮਰ ਜਾਵੇ॥੫॥

ਹਰਿ ਵੇਖਣ ਕਉ ਸਭੁ ਕੋਈ ਲੋਚੈ ਸੋ ਵੇਖੈ ਜਿਸੁ ਆਪਿ ਵਿਖਾਲੇ॥ ਜਿਸਨੋ ਨਦਰਿ ਕਰੇ ਮੇਰਾ ਪਿਆਰਾ ਸੋ ਹਰਿ ਹਰਿ ਸਦਾ ਸਮਾਲੇ॥ ਸੋ ਹਰਿ ਹਰਿ ਨਾਮੁ ਸਦਾ ਸਦਾ ਸਮਾਲੇ ਜਿਸੁ ਸਤਗੁਰੁ ਪੂਰਾ ਮੇਰਾ ਮਿਲਿਆ॥ ਨਾਨਕ ਹਰਿ ਜਨ ਹਰਿ ਇਕੇ ਹੋਏ ਹਰਿ ਜਪਿ ਹਰਿ ਸੇਤੀ ਰਲਿਆ॥੬॥੧॥੩॥

(ਸੁਣੋ ਭਾਈ ਸਿਖੋ!) ਹਰੀ ਵੇਖਣ ਨੂੰ ਸਭ ਕੋਈ ਲੋਚਦਾ ਹੈ, (ਪਰ) ਵੇਖਦਾ ਉਹ ਹੈ ਜਿਸ ਨੂੰ (ਹਰੀ) ਆਪ ਦਿਖਾਏ; (ਐਉਂ ਕਿ) ਜਿਸ ਉਤੇ ਮੇਰਾ ਪਿਆਰਾ (ਹਰੀ) ਕ੍ਰਿਪਾ ਦ੍ਰਿਸ਼ਟੀ ਪਾਉਂਦਾ ਹੈ ਉਹ ਹਰੀ ਹਰਿ (ਨਾਮ ਨੂੰ) ਸਦਾ ਸਿਮਰਦਾ ਹੈ, (ਹਰੀ ਨਾਮ ਨੂੰ ਕੌਣ ਸੰਮ੍ਹਾਲਦਾ ਹੈ? ਉੱਤਰ:) ਜਿਸ ਨੂੰ ਮੇਰਾ ਪੂਰਾ ਸਤਿਗੁਰੂ ਮਿਲ ਪਿਆ ਹੈ ਉਹ ਹਰੀ ਹਰਿ ਨਾਮ ਨੂੰ ਸਦਾ ਸਦਾ ਸੰਮ੍ਹਾਲਦਾ ਹੈ। (ਕਿਉਂ? ਇਸ ਕਰਕੇ ਕਿ) ਹਰੀ ਤੇ ਹਰੀਜਨ ਇੱਕੋ ਹੋ ਜਾਂਦੇ ਹਨ, (ਹਾਂ) ਹਰੀ ਨੂੰ ਜਪ ਕੇ (ਜਪਣ ਵਾਲਾ) ਹਰੀ ਨਾਲ ਰਲ ਮਿਲ (ਕੇ ਇਕ) ਹੋ ਜਾਂਦਾ ਹੈ॥੬॥੧॥੩॥

'KHALSA SAMACHAR' New Delhi. Office of Posting NDGPO-110001 (Thursday-Friday) R.No.50825/1990 DL(ND)-11/6035/2018-19-20
Published & printed by Dr.Mohinder Singh on behalf of Bhai Vir Singh Sahitya Sadan, Published from Bhai Vir Singh Marg, Gole Market, New Delhi-110001 and printed at Print Media, 1331 Chowk Sangatrashan, Paharganj, New Delhi.
Editor Dr.Mohinder Singh. Phone 011-23363510, Email:info@bvsss.org www.bvsss.org
ਭਾਈ ਵੀਰ ਸਿੰਘ ਸਾਹਿਤ ਸਦਨ, ਨਵੀਂ ਦਿੱਲੀ ਵਲੋਂ ਪ੍ਰਕਾਸ਼ਕ ਤੇ ਛਾਪਕ ਡਾ.ਮਹਿੰਦਰ ਸਿੰਘ ਨੇ ਪ੍ਰਿੰਟ ਮੀਡੀਆ, 1331 ਚੌਂਕ ਸੰਗਤਰਾਸ਼ਾਂ, ਪਹਾੜ ਗੰਜ, ਨਵੀਂ ਦਿੱਲੀ-55 ਤੋਂ ਛਪਵਾਇਆ।
**ਸੰਪਾਦਕ: ਡਾ. ਮਹਿੰਦਰ ਸਿੰਘ।** [ਲੇਖਕਾਂ ਦੇ ਨਿਜੀ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ]

# ਸ੍ਰੀ ਦੇਸ ਰਾਜ ਕਾਲੀ ਵੱਲੋਂ ਸੰਤ ਨਾਮਦੇਵ ਤੇ ਲੈਕਚਰ

ਨਵੀਂ ਦਿੱਲੀ, 31 ਜੁਲਾਈ, 2020: ਗੁਰੂ ਗ੍ਰੰਥ ਸਾਹਿਬ ਰਿਸੋਰਸ ਸੈਂਟਰ, ਭਾਈ ਵੀਰ ਸਿੰਘ ਸਾਹਿਤ ਸਦਨ ਵੱਲੋਂ ਭਗਤ-ਸਾਹਿਬਾਨ ਉੱਪਰ ਚਲ ਰਹੀ ਮਹੀਨਾਵਾਰ ਲੈਕਚਰ-ਲੜੀ ਦੇ ਤਹਿਤ ਇਸ ਵਾਰ ਭਗਤ ਨਾਮਦੇਵ ਤੇ ਪ੍ਰਸਿੱਧ ਕਾਲਮਨਵੀਸ ਸ੍ਰੀ ਦੇਸ ਰਾਜ ਕਾਲੀ ਵੱਲੋਂ ਵਿਆਖਿਆਨ ਦਿੱਤਾ ਗਿਆ। ਆਨਲਾਈਨ ਆਯੋਜਿਤ ਇਸ ਪ੍ਰੋਗਰਾਮ ਦੀ ਪ੍ਰਧਾਨਗੀ ਦਿੱਲੀ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਸਾਬਕਾ ਮੁਖੀ ਡਾ. ਜਗਬੀਰ ਸਿੰਘ ਨੇ ਕੀਤੀ ਅਤੇ ਸੰਚਾਲਨ ਪ੍ਰੋ. ਰਵੇਲ ਸਿੰਘ ਨੇ ਕੀਤਾ। ਅਮਰੀਕਾ ਤੋਂ ਲੇਖਕ ਸੁਖਦੇਵ ਸਿੰਘ ਸ਼ਾਂਤ ਦਾ ਇਸ ਪ੍ਰੋਗਰਾਮ ਨਾਲ ਜੁੜਨਾ ਇਕ ਵਿਸ਼ੇਸ਼ ਸੰਯੋਗ ਸੀ।

ਪ੍ਰੋਗਰਾਮ ਦੇ ਆਰੰਭ 'ਚ ਸਦਨ ਦੇ ਡਾਇਰੈਕਟਰ ਡਾ. ਮਹਿੰਦਰ ਸਿੰਘ ਨੇ ਸਭ ਨੂੰ ਜੀਓ-ਆਇਆਂ ਕਹਿੰਦਿਆਂ ਪਿਛਲੇ ਸਮੇਂ ਤੋਂ ਸਦਨ ਵੱਲੋਂ ਕੀਤੇ ਜਾ ਰਹੇ ਅਕਾਦਮਿਕ ਅਤੇ ਸਾਹਿਤਕ ਉਪਰਾਲਿਆਂ ਦਾ ਸਾਰ ਰੂਪ 'ਚ ਜ਼ਿਕਰ ਕੀਤਾ। ਉਪਰੰਤ ਮੁੱਖ ਵਕਤਾ ਸ੍ਰੀ ਦੇਸ ਰਾਜ ਕਾਲੀ ਨੇ ਭਗਤ ਨਾਮਦੇਵ ਉੱਪਰ ਬੋਲਦਿਆਂ ਉਹਨਾਂ ਨੂੰ ਆਪਣੇ ਸਮੇਂ ਦੀ ਅਜਿਹੀ ਚਿੰਤਨਸ਼ੀਲ ਜਾਗ੍ਰਿਤ ਸ਼ਖ਼ਸੀਅਤ ਕਿਹਾ ਜਿਨ੍ਹਾਂ ਲੋਕਾਂ ਦੀ ਭਾਸ਼ਾ 'ਚ ਕੁਦਰਤ ਤੇ ਬ੍ਰਹਿਮੰਡ ਬਾਰੇ ਗੱਲ ਕਰਦਿਆਂ ਨਾਲ ਹੀ ਵਿਆਪਤ ਸਮਾਜਕ ਦਸ਼ਾ ਦਾ ਵੀ ਅਵਲੋਕਨ ਕੀਤਾ। ਵਕਤਾ ਅਨੁਸਾਰ ਨਿਰਗੁਣ ਸੰਤ ਪਰੰਪਰਾ ਦੇ ਵਰੋਸਾਏ ਅਤੇ ਭਾਰਤ ਦੀ ਸਨਾਤਨ ਚਿੰਤਨ ਪਰੰਪਰਾ ਨਾਲ ਸੰਵਾਦ ਰਚਾਉਂਦੇ ਭਗਤ ਨਾਮਦੇਵ ਦੀ ਬਾਣੀ 'ਚ ਬੈਰਾਗ ਤੇ ਵਿਵੇਕ ਵਿਸ਼ੇਸ਼ ਥਾਂ ਰੱਖਦੇ ਹਨ। ਬੈਰਾਗ ਜਿੱਥੇ ਨਿਰਗੁਣ ਬ੍ਰਹਮ ਅਤੇ ਕੁਦਰਤ 'ਚ ਉਸਦੀ ਸਮਾਈ ਦੇ ਨਜ਼ਦੀਕ ਲੈ ਜਾਂਦਾ ਹੈ ਉੱਥੇ ਵਿਵੇਕ ਇਸਦਾ ਸਮਾਜਗਤ ਵਿਸ਼ਲੇਸ਼ਣ ਕਰਨ 'ਚ ਸਹਾਈ ਹੁੰਦਾ ਹੈ। ਦੇਸ ਰਾਜ ਕਾਲੀ ਅਨੁਸਾਰ ਹਰਿ ਦੇ ਅਵਚੇਤਨ ਨਾਲ ਜੁੜੇ ਹੋਏ ਭਗਤ ਨਾਮਦੇਵ ਜਿਹੇ ਸੰਤਾਂ ਦੇ ਚਿੰਤਨ ਨੂੰ ਸਾਨੂੰ ਜਾਤੀ ਦਾਇਰਿਆਂ 'ਚੋਂ ਬਾਹਰ ਕੱਢ ਕੇ ਉਸੇ ਰੂਪ 'ਚ ਗ੍ਰਹਿਣ ਕਰਨ ਦੀ ਲੋੜ ਹੈ ਤੇ ਇਸਦੇ ਵਿਚ ਹੀ ਮਨੁੱਖ ਤੇ ਮਨੁੱਖਤਾ ਦੀ ਮੁਕਤੀ ਦਾ ਰਹੱਸ ਲੁਕਿਆ ਹੋਇਆ ਹੈ। ਆਪਣੇ ਪ੍ਰਧਾਨਗੀ ਭਾਸ਼ਣ 'ਚ ਡਾ. ਜਗਬੀਰ ਸਿੰਘ ਨੇ ਭਗਤ ਨਾਮਦੇਵ ਉੱਪਰ ਦਿੱਤੇ ਦੇਸ ਰਾਜ ਕਾਲੀ ਦੇ ਵਿਆਖਿਆਨ ਨੂੰ ਉਮਦਾ ਦੱਸਦਿਆਂ ਚਿੰਤਨ ਦੀ ਉਸ ਪਰੰਪਰਾ ਤੋਂ ਆਪਣੀ ਗੱਲ ਸ਼ੁਰੂ ਕੀਤੀ ਜਿਸ ਵਿੱਚੋਂ ਮੱਧਕਾਲ 'ਚ ਗੁਰੂ ਗ੍ਰੰਥ ਸਾਹਿਬ ਦਾ ਮੁੱਢ ਬੱਝਦਾ ਹੈ। ਡਾ. ਜਗਬੀਰ ਸਿੰਘ ਅਨੁਸਾਰ ਭਗਤ ਨਾਮਦੇਵ ਇਕ ਕ੍ਰਾਂਤੀਕਾਰੀ ਚਿੰਤਕ ਸਨ ਜਿਹਨਾਂ ਸਮਾਜ 'ਚ ਅਲੋਪ ਹੋ ਰਹੇ ਵੈਦਿਕ ਚਿੰਤਨ ਨਾਲ ਵੀ ਸੰਵਾਦ ਰਚਾਇਆ ਤੇ ਸਮਾਜਕ ਮੁਕਤੀ ਦੇ ਸੰਕਲਪ ਦੀ ਵੀ ਨਵੀਂ ਵਿਆਖਿਆ ਪੇਸ਼ ਕੀਤੀ ਜਿਸ ਅਨੁਸਾਰ ਸਮਾਜਕ ਬਰਾਬਰੀ ਤੇ ਨਿਆਂ ਦਾ ਮਾਰਗ ਪ੍ਰਸ਼ਸਤ ਹੁੰਦਾ ਹੈ। ਅਖ਼ੀਰ 'ਚ ਸੰਚਾਲਕ ਡਾ. ਰਵੇਲ ਸਿੰਘ ਨੇ ਉਸ ਸਮੇਂ ਦੇ ਸਭਿਆਚਾਰਾਂ ਵਿਚ ਪੈਦਾ ਹੁੰਦੇ ਟਕਰਾਓ ਤੇ ਸੰਵਾਦ ਰਾਹੀਂ ਪੈਦਾ ਹੁੰਦੀ ਸਥਿਤੀ ਬਾਰੇ ਗੱਲ ਕਰਦਿਆਂ ਮੌਜੂਦ ਵਕਤਿਆਂ ਅਤੇ ਸਰੋਤਿਆਂ ਦਾ ਤਹਿਦਿਲੋਂ ਧੰਨਵਾਦ ਕੀਤਾ। ✧✧









